ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੨੧ ਤੋਂ ੩੧ ਭਾਦਰੋਂ ੨੦੭੫
6 To 16 Sep. 2018

ਜਿਲਦ 26
ਨੰਬਰ 21
Total Pages 36



ਪੂਜਯ ਮਾਤਾ ਭੁਪਿੰਦਰ ਕੌਰ ਜੀ।



ਦਸਤਾਰ ਬੰਦੀ ਉਪਰੰਤ ਪ੍ਰਥਮ ਦਰਸ਼ਨ: ਸਤਿਗੁਰੂ ਜਗਜੀਤ ਸਿੰਘ ਜੀ

## ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਲਾਸ ਐਂਜ਼ਲਸ (ਅਮਰੀਕਾ ) ਦੌਰਾ ( 27 ਤੋਂ 30 ਜੁਲਾਈ 2018)



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਤ ਨਿਸ਼ਾਨ ਸਿੰਘ ਕਥਾ ਕਰਦੇ ਹੋਏ।









ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਬੱਚੇ-ਬੱਚੀਆਂ ਆਸਾ ਦੀ ਵਾਰ ਦਾ ਕੀਰਤਨ,
ਸ਼ਬਦ ਗਾਇਨ ਅਤੇ ਸੰਤੂਰ ਵਾਦਨ ਪੇਸ਼ ਕਰਦੇ ਹੋਏ।

(ਨਾਵਾਂ ਦਾ ਵੇਰਵਾ ਰਿਪੋਰਟ ਵਿੱਚ ਪੜ੍ਹੋ)

# ਸਤਿਜੁਗ

੨੧ ਤੋਂ ੩੧ ਭਾਦਰੋਂ, ੨੦੭੫ ਬ੍ਰਿ.
6 ਤੋਂ 16 ਸਤੰਬਰ 2018 ਈ:
ਜਿਲਦ 26,ਵੀਰਵਾਰ ਨੰਬਰ 21

**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
Website: www.satjugonline.com



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by***
***Mr. Harvendra Singh Hanspal***
***on behalf of Namdhari Darbar.***
***Printed at Summit advertising press,***
***2DLF (Part), Moti Nagar, New Delhi***
***and Published from Namdhari Gurdwara,***
***Ramesh Nagar, New Delhi-110015.***

**Date of Publication: 5-09-2018,**
**Date of Posting: 6-7 Sep. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਸੰਪਾਦਕੀ-- ਪਵਣੁ ਗੁਰੂ ਪਾਣੀ ਪਿਤਾ ਧਰਤ ਮਹਤ
ਸੇਵਕ ਹਰਪਾਲ ਸਿੰਘ.........................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.............................6

* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.............................6

* ਸੱਜਰੀ ਸਵੇਰ
ਗੁਰਬਚਨ ਸਿੰਘ ਨਾਮਧਾਰੀ....................................7

* ਆਪਣੇ ਜਿਹੀ ਆਪ, ਜਗਤ ਮਾਤਾ ਭੁਪਿੰਦਰ ਕੌਰ
ਸੁਵਰਨ ਸਿੰਘ ਵਿਰਕ ......................................9

* ਅੰਮ੍ਰਿਤਸਰ ਦਾ ਸਾਕਾ
ਦਵਿੰਦਰ ਸਿੰਘ ਗਿੱਲ (ਜੀਆ ਨੱਥਾ)..........................15

* ਖੁੰਬ ਦੀ ਪੁੱਠ ਵਾਲਾ: ਪੰ. ਗੋਪਾਲ ਸਿੰਘ ਨਾਮਧਾਰੀ
ਸੀ ਮਾਰਕੰਡੇ.................................................18

* ਕਾਵਿ ਕਿਆਰੀ ........................................................20

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ...................21

* ਮੋਟਾਪਾ
ਡਾ.ਪੁਸ਼ਪਿੰਦਰ ਸਿੰਘ ਕੂਕਾ....................................23

* ਸੁੱਚੇ ਮੋਤੀ .........................................................26

* ਬੱਚਿਆਂ ਦਾ ਪੰਨਾ......................................................27

* ਖ਼ਬਰਨਾਮਾ.............................................................29

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ਼. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ.....

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 1976 ਈ:ਦੇ ਨੈਰੋਬੀ ਦੇ ਰਿਕਾਰਡ ਪ੍ਰਵਚਨਾਂ ਦੇ ਸ਼ਬਦ ਹਨ:
"ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਯਤਨ ਕਰੋ। ਉਹ ਗੁਰਬਾਣੀ ਪੜ੍ਹਿਆ ਕਰਨ, ਵੱਡੀ ਫ਼ਿਲਾਸਫ਼ੀ ਗੁਰਬਾਣੀ ਵਿੱਚ ਹੈ, ਉਸਦੀ ਕਮਾਈ ਕਰਨ।"- ਸੱਚਮੁੱਚ ਹੀ ਗੁਰਬਾਣੀ, 'ਬਾਣੀਆ ਸਿਰਿ ਬਾਣੀ' ਹੈ। ਜੀਵਨ ਦੇ ਹਰ ਪਹਿਲੂ ਤੇ ਗੁਰਬਾਣੀ ਦੇ ਸਪਸ਼ਟ ਦਿਸ਼ਾ ਨਿਰਦੇਸ਼ ਹਨ, ਕੇਵਲ ਅਧਿਆਤਮਕ ਅਤੇ ਰੂਹਾਨੀਅਤ ਬਾਰੇ ਹੀ ਨਹੀਂ, ਸਗੋਂ ਸਰੀਰਕ, ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਬਾਰੇ ਵੀ ਗੁਰਬਾਣੀ ਇੱਕ ਚਾਨਣ ਮੁਨਾਰਾ ਹੈ, ਇੱਕ ਪੂਰਨ ਮਨੁੱਖ ਅਤੇ ਆਦਰਸ਼ ਸਮਾਜ ਦਾ ਸੰਕਲਪ ਹੈ ਗੁਰਬਾਣੀ ਵਿੱਚ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰਬਾਣੀ ਵਿਗਿਆਨ ਦੀ ਕਸਵੱਟੀ 'ਤੇ ਪੂਰੀ ਉੱਤਰਦੀ ਹੈ। ਪਰ ਅਸਲ ਗੱਲ ਇਹ ਹੈ ਕਿ ਵਿਗਿਆਨ ਗੁਰਬਾਣੀ ਦੇ ਗੁਹਜ਼ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਢੇ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਖ ਦਿੱਤਾ ਸੀ-"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।...... ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥" ਅਤੇ "ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥" ਲੱਖਾਂ ਹੀ ਆਕਾਸ਼ ਪਾਤਾਲ ਹਨ। ਲੇਖੇ ਤੋਂ ਬਾਹਰ ਅਣਗਿਣਤ ਹੀ ਅਤੇ ਇਹ ਸਾਰੇ ਚੰਦ, ਤਾਰੇ, ਗ੍ਰਹਿ ਆਦਿ ਘੁੰਮ ਰਹੇ ਹਨ। ਬੇਸ਼ੱਕ ਵੀਹਵੀਂ ਸਦੀ ਵਿੱਚ ਸਾਇੰਸ ਨੇ ਇਹ ਖੋਜ ਲਿਆ। ਪਰ ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਇਹ ਬਾਣੀ ਉਚਾਰਣ ਕੀਤੀ ਉਸ ਵੇਲੇ ਹੋਰ ਕਿਸੇ ਵੀ ਧਾਰਮਿਕ ਗੁਰੂ ਜਾਂ ਤਾਰਾ ਵਿਗਿਆਨੀ ਦੀ ਅਜਿਹੀ ਕੋਈ ਖੋਜ ਨਹੀਂ ਮਿਲਦੀ। ਗੁਰਬਾਣੀ ਸਰਬਪੱਖੀ ਗਿਆਨ ਦਾ ਅਤੇ ਅਟੱਲ ਸੱਚਾਈਆਂ ਦਾ ਵੱਡਾ ਖਜ਼ਾਨਾ ਹੈ। ਧਰਤੀ ਤੇ ਸਮੁੱਚੀ ਰਚਨਾ, ਜੀਵ-ਜੰਤੂ, ਰੁੱਖਾਂ ਅਤੇ ਮਨੁੱਖਾਂ ਦੇ ਜੀਵਨ ਦਾ ਆਧਾਰ ਪੌਣ-ਪਾਣੀ ਅਤੇ ਧਰਤੀ ਮਾਤਾ ਹੀ ਹੈ। ਨਾ ਧਰਤੀ ਹਿੰਦੂ ਹੈ, ਨਾ ਪੌਣ ਮੁਸਲਮਾਨ ਹੈ ਅਤੇ ਨਾ ਹੀ ਪਾਣੀ ਈਸਾਈ ਹੈ। ਇਹ ਧਰਤੀ ਮਾਤਾ, ਪਾਣੀ ਪਿਤਾ ਅਤੇ ਪੌਣ ਗੁਰੂ ਸਾਰੇ ਧਰਮਾਂ ਦੇ ਸਾਂਝੇ ਹਨ। ਪ੍ਰਮੇਸ਼ਰ ਦੇ ਰਚੇ ਹਨ। ਇਸੇ ਆਧਾਰ ਤੇ ਹੀ - 'ਏਕੁ ਪਿਤਾ, ਏਕਸ ਕੇ ਹਮ ਬਾਰਿਕ' ਹਾਂ। ਸਮੂਹ ਮਾਨਵਤਾ ਦੀ ਸਾਂਝੀ ਕੜੀ ਹੈ, ਪੌਣ ਗੁਰੂ, ਪਾਣੀ ਪਿਤਾ ਅਤੇ ਧਰਤੀ ਮਾਤਾ। ਪਰ ਅੱਜ ਇੱਕੀਵੀਂ ਸਦੀ ਦਾ ਮਨੁੱਖ ਆਪਣੇ ਜੀਵਨ ਸ੍ਰੋਤਾਂ ਵਿਚ ਜ਼ਹਿਰ ਘੋਲ ਰਿਹਾ ਹੈ। ਸਾਰੇ ਧਰਮ ਇੱਕਠੇ ਹੋ ਕੇ ਪੌਣ ਗੁਰੂ, ਪਾਣੀ ਪਿਤਾ ਅਤੇ ਧਰਤੀ ਮਾਤਾ ਨੂੰ ਜ਼ਹਿਰੀਲਾ ਹੋਣ ਤੋਂ ਬਚਾ ਲੈਣ ਤਾਂ ਸਮੂਹ ਧਰਮਾਂ ਦਾ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਅਹਿਮ ਯੋਗਦਾਨ ਹੋਏਗਾ।

-ਇਸੇ ਵਿਸ਼ਾਲ ਗਿਆਨ ਸਾਗਰ ਦੀ ਪਹਿਲੀ ਬਾਣੀ 'ਜਪੁ' ਵਿਚ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਆਖਰੀ ਪਉੜੀ ਵਿੱਚ ਫ਼ੁਰਮਾਉਂਦੇ ਹਨ-

'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' - ਗੁਰੂ ਸਾਹਿਬ ਨੇ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਧਰਤੀ ਅਤੇ ਪਾਣੀ ਦੇ ਸੰਜੋਗ ਤੋਂ ਬਿਨਾ ਕਿਸੇ ਬਨਸਪਤੀ ਦਾ ਜਨਮ ਨਹੀਂ ਹੋ ਸਕਦਾ। ਨਾ ਹੀ ਪਾਣੀ ਤੋਂ ਬਿਨਾ ਸੁੱਕੀ ਜ਼ਮੀਨ ਵਿੱਚ ਕੁਝ ਪੈਦਾ ਹੋ ਸਕਦਾ ਹੈ ਅਤੇ ਨਾ ਹੀ ਅਥਾਹ ਸਾਗਰ ਵਿਚ ਫੁੱਲ, ਫਲ, ਰੁੱਖ, ਬਿਰਖ ਉੱਗ ਸਕਦੇ ਹਨ। ਇਸੇ ਤਰ੍ਹਾਂ ਹੀ ਮਾਤਾ ਤੇ ਪਿਤਾ ਦੇ ਸੰਜੋਗ ਨਾਲ ਬੱਚੇ ਦਾ ਜਨਮ ਹੁੰਦਾ ਹੈ। ਪਰ ਜਨਮ ਹੁੰਦਿਆਂ ਹੀ ਪੌਣ ਤੋਂ ਬਿਨਾਂ, ਸਾਹ ਲੈਣ ਤੋਂ ਬਿਨਾ ਜੀਵਨ ਨਹੀਂ ਇਸ ਲਈ ਪਵਣ ਨੂੰ ਗੁਰੂ ਕਿਹਾ ਗਿਆ ਹੈ। ਇਸ ਵਾਕ ਵਿਚ ਬੜੇ ਗੁਹਜ਼ ਹਨ, ਡੂੰਘੇ ਅਰਥ ਅਤੇ ਵੱਡੇ ਸੰਕੇਤ ਹਨ। ਮਾਤਾ ਵੀ ਜਨਨੀ ਹੈ ਅਤੇ ਧਰਤੀ ਵੀ। ਰੱਬ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਕਿਹਾ ਜਾਂਦਾ ਹੈ, ਅਤੇ ਮਾਂ ਵੀ ਰੱਬ ਦੀ ਥਾਂ ਜੁੰਮੇਵਾਰੀ ਨਿਭਾਉਂਦੀ ਹੈ, ਸੰਸਾਰ ਦੀ ਸਿਰਜਣਾ ਲਈ ਪਰ ਕੇਵਲ ਬੱਚਿਆਂ ਨੂੰ ਜਨਮ ਦੇਣ ਨਾਲ ਹੀ ਇਕ ਔਰਤ ਨੂੰ ਮਾਂ ਦਾ ਉਹ ਦਰਜਾ ਨਹੀਂ ਦਿੱਤਾ ਜਾ ਸਕਦਾ ਜੋ 'ਧਰਤਿ ਮਹਤੁ' ਦਾ ਦਰਜਾ ਹੈ। ਮਨੁੱਖ ਦੇ ਪਹਿਲਾ ਗੁਰੂ ਹੋਣ ਦਾ ਦਰਜਾ

, ਰੱਬ ਦਾ ਦੂਜਾ ਰੂਪ ਹੋਣ ਦਾ ਸਥਾਨ । ਰੱਬ ਵਰਗੀ ਅਤੇ ਧਰਤੀ ਮਾਤਾ ਵਰਗੀ ਮਾਂ ਉਸੇ ਨੂੰ ਆਖਿਆ ਜਾ ਸਕਦਾ ਹੈ, ਜੋ ਸਭ ਦੀ ਪਾਲਣਾ ਕਰਦੀ ਹੈ। ਜਿਸ ਵਿੱਚ ਧਰਤੀ ਵਰਗਾ ਜੇਰਾ ਹੈ, ਧੀਰਜ ਹੈ।ਉਹ ਮਾਂ ਹੀ ਮਨੁੱਖ ਦਾ ਪਹਿਲਾ ਗੁਰੂ ਕਹਾਉਣ ਦੀ ਹੱਕਦਾਰ ਹੈ ਜੋ ਆਪਣੀ ਸ਼ੁੱਭ ਸਿੱਖਿਆ ਦੁਆਰਾ ਦਾਤੇ, ਭਗਤ ਅਤੇ ਸੂਰਮੇ ਬੱਚੇ ਪੈਦਾ ਕਰੇ। ਜੋ ਸਮਾਜ ਲਈ ਸੁਖਦਾਈ ਹੋਣ। ਜੋ ਮਾਤਾ ਮਦਾਲਸਾ ਵਾਂਗ, ਧ੍ਰੂ ਅਤੇ ਫ਼ਰੀਦ ਦੀ ਮਾਂ ਵਾਂਗ ਭਗਤ ਪੈਦਾ ਕਰੇ। ਜੋ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਹੀਰਾ ਸਿੰਘ, ਭਾਈ ਲਹਿਣਾ ਸਿੰਘ ਵਰਗੇ ਸੂਰਮੇ ਸ਼ਹੀਦ ਪੈਦਾ ਕਰੇ। ਉਸ ਮਾਂ ਨੂੰ ਹੀ ਰੱਬ ਦਾ ਦੂਜਾ ਰੂਪ ਕਿਹਾ ਜਾ ਸਕਦਾ ਹੈ ਅਤੇ ਜੋ ਦਾਤੇ ਪੈਦਾ ਕਰੇ। ਸਭ ਤੋਂ ਧੰਨਤਾ ਯੋਗ ਉਹ ਮਾਂ ਹੈ ਜੋ ਜਗਤ-ਗੁਰੂ ਨੂੰ ਜਨਮ ਦੇਵੇ। ਜਗਤ-ਗੁਰੂ, ਜਿਸਦੇ ਉਪਦੇਸ਼ 'ਤੇ ਚੱਲ ਕੇ ਜੱਗ ਜਿਉਂਦਾ ਹੈ, ਸੰਸਾਰ ਵੱਸਦਾ ਹੈ। ਜਿਸ ਦੇ ਅੰਦਰ ਸੱਚ ਹੈ ਅਤੇ ਸੱਚਿਆਰ ਨਾਲ, ਪ੍ਰਭੂ ਨਾਲ, ਮਿਲਨ ਦਾ ਜੋ ਮਾਧਿਅਮ ਬਣਦਾ ਹੈ। ਅੰਮ੍ਰਿਤ ਨਾਮ ਦਾ ਦਾਤਾ, ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਵਾਲਾ ਜਗਤ-ਗੁਰੂ ਅਤੇ ਜਗਤ-ਗੁਰੂ ਦੀ ਜਨਨੀ, 'ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ' ਜਗਤ-ਮਾਤਾ। ਨਾਮਧਾਰੀ ਪੰਥ ਦੇ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਨੀ, ਸ੍ਰੀ ਮਾਤਾ ਭੁਪਿੰਦਰ ਕੌਰ ਜੀ ਸੱਚਮੁੱਚ ਹੀ ਜਗਤ-ਮਾਤਾ ਸਨ ਜਿਨ੍ਹਾਂ ਦੇ ਪਤੀ ਦੇਵ ਵੱਡੇ ਪਰਤਾਪ ਵਾਲੇ ਸਤਿਗੁਰੂ ਪਰਤਾਪ ਸਿੰਘ ਜੀ ਸਨ। ਜਿਸ ਜਗਤ ਮਾਤਾ ਨੇ:-

ਸੇਵਾ, ਸਿਮਰਨ, ਤਿਆਗ, ਵੈਰਾਗ 'ਚ ਜੀਵਨ ਜਿਸ ਬਿਤਾਇਆ।<br>
ਪ੍ਰੇਮਾ ਭਗਤੀ ਕਰਕੇ, ਜਿਸਨੇ ਵਰ ਪ੍ਰਮੇਸ਼ਰ ਪਾਇਆ।<br>
ਦੀਨ ਦੁਨੀ ਦਾ ਵਾਲੀ ਸਤਿਗੁਰ, ਜਿਸਦਾ ਰਾਜ ਦੁਲਾਰਾ,<br>
ਧੰਨ ਧੰਨ ਕਹਿ ਮਾਤ ਭੁਪਿੰਦਰ, ਦਾ ਸਭ ਨੇ ਜਸ ਗਾਇਆ।


ਮਾਤਾ ਭੁਪਿੰਦਰ ਕੌਰ ਜੀ ਨੂੰ ਸੇਵਾ-ਸਿਮਰਨ ਅਤੇ ਗੁਰਮਤਿ ਰਹਿਣੀ ਦੀ ਗੁੜ੍ਹਤੀ ਆਪਣੇ ਪਿਤਾ ਸੰਤ ਸੁੰਦਰ ਸਿੰਘ ਜੀ ਅਤੇ ਮਾਤਾ ਰਾਮ ਕੌਰ ਜੀ ਤੋਂ ਵਿਰਸੇ ਵਿੱਚ ਹੀ ਪ੍ਰਾਪਤ ਹੋਈ। ਆਪ ਨੇ ਗੁਰੂ ਘਰ ਵਿੱਚ ਆ ਕੇ 'ਆਪੁ ਗਵਾਈਐ ਤਾ ਸਹੁ ਪਾਈਐ' ਗੁਰੂ ਵਾਕ ਅਨੁਸਾਰ ਸੇਵਾ ਸਿਮਰਨ ਕਰਕੇ ਆਪਣੇ ਪਤੀ-ਪਰਮੇਸ਼ਰ ਸਤਿਗੁਰੂ ਨੂੰ ਰੀਝਾਇਆ। ਲੋੜ ਪੈਣ ਤੇ ਸਾਧ ਸੰਗਤ ਦੀ ਸੇਵਾ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤੱਤਪਰ ਰਹੇ। ਆਪਣੇ ਪਤੀ ਦੇਵ ਨੂੰ ਸ਼ਰਧਾ ਅਤੇ ਭਗਤੀ ਭਾਵ ਨਾਲ ਪਰਮੇਸ਼ਰ ਕਰ ਜਾਣਿਆ। ਆਪਣੇ ਪਰਮੇਸ਼ਰ ਸਤਿਗੁਰੂ ਤੋਂ ਦਾਤ ਮੰਗੀ ਨਾਮ-ਬਾਣੀ ਅਤੇ ਸੇਵਾ-ਸਿਮਰਨ ਦੀ, ਕੇਵਲ ਆਪਣੇ ਵਾਸਤੇ ਹੀ ਨਹੀਂ ਸਗੋਂ ਇਸਤ੍ਰੀ ਜਾਤੀ ਲਈ। ਆਪਣੇ ਸਤਿਗੁਰੂ ਦੇ ਵਿਸ਼ਵਾਸ ਪਾਤਰ ਬਣੇ, ਗੁਰੂ-ਦਰ ਪ੍ਰਵਾਨ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਬੇਬੇ ਜੀ ਕਹਿ ਕੇ ਆਪਣੇ ਮਾਤਾ, ਮਾਤਾ ਭੁਪਿੰਦਰ ਕੌਰ ਜੀ ਨੂੰ ਯਾਦ ਕਰਿਆ ਕਰਦੇ ਸਨ। ਜਗਤ-ਮਾਤਾ, ਮਾਤਾ ਭੁਪਿੰਦਰ ਕੌਰ ਜੀ ਦੇ ਰਾਜ ਦੁਲਾਰੇ ਸਤਿਗੁਰੂ ਜਗਜੀਤ ਸਿੰਘ ਜੀ ਸਰਬ ਕਲਾ ਸਮਰੱਥ ਅਧਿਆਤਮ ਗੁਰੂ ਸਨ।

ਗੁਰੂ ਦੀ ਹੋਂਦ ਜੀਵਨ ਵਿਚ ਏਨੀ ਹੀ ਮਹੱਤਵਪੂਰਨ ਹੈ ਜਿੰਨੀ ਜਿਉਂਦਿਆਂ ਰਹਿਣ ਲਈ, ਸਾਹ ਲੈਣ ਲਈ ਪੌਣ ਦੀ ਜ਼ਰੂਰਤ ਹੈ। ਜਿਵੇਂ ਧਰਤੀ ਤੇ ਕਈ ਜਗ੍ਹਾ ਬੰਜਰ ਜ਼ਮੀਨ ਹੈ, ਪੱਥਰ ਦੇ ਪਰਬਤ ਹਨ, ਪਾਣੀ ਨਹੀਂ ਅਤੇ ਕਈ ਜਗ੍ਹਾ ਪਾਣੀ ਹੀ ਪਾਣੀ ਹੈ, ਪਰ ਪੌਣ ਹਰ ਜਗ੍ਹਾ ਹੈ। ਸਰਬ ਵਿਆਪੀ ਹੈ, ਪੌਣ ਹੈ ਤਾਂ ਜੀਵਨ ਧੜਕਦਾ ਹੈ। ਇਸੇ ਤਰ੍ਹਾਂ ਗੁਰੂ ਸਰਬ ਵਿਆਪੀ ਹੈ, ਗੁਰੂ ਹੈ ਤਾਂ ਜੀਵਨ ਹੈ- ਗੁਰੂ ਵਾਕ ਹੈ ' ਸੋ ਜੀਵਤ ਜਿਹ ਜੀਵਤ ਜਪਿਆ। ਪ੍ਰਗਟ ਭਏ ਨਾਨਕ ਨਹ ਛਪਿਆ'। -ਉਸੇ ਨੂੰ ਜਿਉਂਦਿਆਂ 'ਚ ਗਿਣਿਆ ਗਿਆ ਹੈ ਜੋ ਜਾਗਤ ਜੋਤ, ਜੀਵਤ ਪੁਰਖ, ਸਤਿਗੁਰੂ ਨੂੰ ਧਿਆਉਂਦਾ ਹੈ।

ਇਕ ਜਨਮ ਹੁੰਦਾ ਹੈ ਮਾਤਾ-ਪਿਤਾ ਦੇ ਘਰ ਅਤੇ ਦੂਸਰਾ ਜਨਮ, ਸਤਿਗੁਰੂ ਤੋਂ ਦੀਖਿਆ ਲੈ ਕੇ, ਨਾਮ ਦੀ ਦਾਤ ਪ੍ਰਾਪਤ ਕਰਕੇ, ਗੁਰੂ ਵਾਲੇ ਬਣਕੇ, ਗੁਰੂ ਦੀ ਸ਼ਰਣ ਆ ਕੇ ਜੀਵ ਦਾ ਨਵਾਂ ਜਨਮ ਹੁੰਦਾ ਹੈ - ''ਸਤਿਗੁਰ ਕੈ ਜਨਮ ਗਵਨੁ ਮਿਟਾਇਆ'' ਇਹ ਨਵਾਂ ਜਨਮ, ਮਨੁੱਖ ਤੋਂ ਦੇਵਤਾ ਹੋਣ ਦਾ ਕਰਮ- 'ਜਿਨ ਮਾਨਸ ਤੇ ਦੇਵਤੇ ਕੀਏ' - ਗੁਰੂ ਦੀ ਚਰਨ ਸਰਨ ਗ੍ਰਹਿਣ ਕਰਨ ਨਾਲ ਹੋਇਆ ਨਵਾਂ ਜਨਮ, ਆਵਾ ਗਵਨ ਤੋਂ ਮੁਕਤੀ ਦਾ ਸਬੱਬ ਬਣਦਾ ਹੈ। ਗੁਰੂ ਤੋਂ ਪ੍ਰਾਪਤ ਨਾਮ ਦਾ ਜਾਪ ਕਰਦਿਆਂ, ਗੁਰੂ ਦੀ ਯਾਦ ਵਿੱਚ ਬੀਤਿਆ ਸਮਾਂ ਹੀ ਜੀਵਨ ਦਾ ਸਭ ਤੋਂ ਕੀਮਤੀ ਸਮਾਂ ਮੰਨਿਆ ਗਿਆ ਹੈ। ਨਾਮ ਦਾ ਦਾਤਾ ਸਤਿਗੁਰੂ, ਸਿੱਖ ਤੋਂ ਨਾਮ ਜਪਵਾ ਕੇ, ਜੀਵਨ ਮੁਕਤੀ ਬਖ਼ਸ਼ਦਾ ਹੈ। 'ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ॥' ਗੁਰੂ ਵਾਕ ਅਨੁਸਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਮਾਜ ਵਿੱਚ ਨਿਯਮਿਤ ਰੂਪ ਵਿੱਚ ਰੋਜ਼ਾਨਾ ਇੱਕ ਘੰਟਾ ਨਾਮ ਸਿਮਰਨ ਦੀ ਪਰੰਪਰਾ ਆਰੰਭ ਕੀਤੀ ਅਤੇ ਆਪ ਜੀ ਨੇ ਹੀ ਹਰ ਵਰ੍ਹੇ ਕਰੀਬ ਮਹੀਨੇ ਭਰ ਦਾ ਨਾਮ-ਸਿਮਰਨ ਜਪ ਪ੍ਰਯੋਗ ਆਰੰਭ ਕੀਤਾ। ਇਹ ਨਾਮ ਸਿਮਰਨ ਜਪ ਪ੍ਰਯੋਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੱਕ ਕਦੇ ਕਿਤੇ, ਕਦੇ ਕਿਤੇ ਹੁੰਦਾ ਰਿਹਾ। ਹੁਣ ਕਈ ਵਰ੍ਹਿਆਂ ਤੋਂ ਹਰ ਵਰ੍ਹੇ ਸ੍ਰੀ ਭੈਣੀ ਸਾਹਿਬ ਹੀ ਹੁੰਦਾ ਹੈ। ਇਸ ਤੋਂ ਬਿਨਾਂ ਵੱਖੋ-ਵੱਖ ਸ਼ਹਿਰਾਂ, ਪਿੰਡਾਂ ਅਤੇ ਵਿਦੇਸ਼ਾਂ ਵਿੱਚ ਵਸਦੇ ਨਾਮਧਾਰੀ ਸਿੱਖ ਇਕੱਠੇ ਹੋ ਕੇ ਮਹੀਨਾ ਭਰ ਨਿਯਮਿਤ ਰੂਪ ਵਿੱਚ ਜਪ ਪ੍ਰਯੋਗ ਕਰਦੇ ਹਨ। ਸ੍ਰੀ ਭੈਣੀ ਸਾਹਿਬ ਜਪੁ ਪ੍ਰਯੋਗ ਦੌਰਾਨ ਰੋਜ਼ਾਨਾ ਅੱਠ ਘੰਟੇ ਨਾਮ ਸਿਮਰਨ, ਕਥਾ, ਕੀਰਤਨ ਅਤੇ ਸਤਿਸੰਗ ਦਾ ਨਿਤਨੇਮ ਹੁੰਦਾ ਹੈ। ਇਸ ਵਰ੍ਹੇ ਦਾ ਜਪ ਪ੍ਰਯੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ 17 ਸਤੰਬਰ ਤੋਂ 17 ਅਕਤੂਬਰ ਤੱਕ ਸ੍ਰੀ ਭੈਣੀ ਸਾਹਿਬ ਵਿਖੇ ਹੋ ਰਿਹਾ ਹੈ।ਅੱਸੂ ਦੇ ਮਹੀਨੇ ਵਿਚ ਹੋਣ ਕਰਕੇ ਇਹ 'ਅੱਸੂ ਦਾ ਮੇਲਾ' ਨਾਮ ਨਾਲ ਵੀ ਪ੍ਰਚਲਿਤ ਹੈ। ਇਸ ਮਹਾਨ ਯੱਗ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਆਤਮ ਰਸ ਮਾਣਨਗੀਆਂ।

**ਹਰਪਾਲ ਸਿੰਘ ਸੇਵਕ, ਸ੍ਰੀ ਭੈਣੀ ਸਾਹਿਬ**<br>
**ਸੰਪਰਕ: 94176-01321**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰ ਭਾਈ ਨੈਣਾ ਸਿੰਘ ਤੇ ਭਗਵਾਨ ਸਿੰਘ ਤੇ ਨਿਧਾਨ ਸਿੰਘ ਜੀ ਇਹ ਅਰਦਾਸ ਸਾਰੀ ਸੰਗਤ ਨੂੰ ਸੁਣਾ ਦੇਣੀ, ਸਭ ਦੇਸਾ ਦੇ ਖਾਲਸੇ ਨੂ। ਜੋ ਏਸ ਅਰਦਾਸ ਦੇ ਬਚਨ ਮੰਨੂਗਾ, ਓਸਦਾ ਬਹੁਤ ਭਲਾ ਹੋਊਗਾ, ਸਤਿ ਕਰਕੇ ਮੰਨਣਾ। ਸੋ ਭਾਈ ਖਾਲਸਾ ਜੀ ਅਸੀ ਸਾਰੀ ਬਾਤ ਆਪਣੀ ਅਖੀ ਦੇਖੀ ਹੈ ਭਜਨ ਬਾਣੀ ਦੀ, ਤਾ ਸੰਗਤ ਵਲਿ ਲਿਖਦੇ ਹਾ। ਸਾਡਾ ਕੋਈ ਕੰਮ ਨਹੀ ਸਾ, ਪਰਉਪਕਾਰ ਵਾਸਤੇ ਲਿਖੀ ਹੈ। ਗੁਰੂ ਸਾਹਿਬ ਦੀ ਓਟ ਕਰਕੇ ਇਹ ਦਿਨ ਕਟੇ ਹੈ, ਨਹੀ ਤਾ ਹੋਰ ਸਾਡਾ ਕੋਈ ਠਕਾਣਾ ਨਹੀ ਥਾ ਗੁਰੂ ਬਿਨਾ। ਕਰਮ ਸਾਨੂ ਇਸ ਜਗਾ ਮੈ ਲੈ ਆਇਆ ਹੈ। ਖੋਟੀ ਏਹੁ ਜਾਗਾ ਮਹਾ ਦੁਖ ਦੀ ਹੈ ਸੀ, ਸੋ ਅਸੀ ਥੋੜਾ ਕੁਛੁ ਭਜਨ ਬਾਣੀ ਕੀਤਾ ਸੀ ਨਾਮਧਾਰੀਕ ਈ। ਸੋ ਸਾਨੂ ਏਤਨੀ ਹੀ ਗੁਰੂ ਜੀ ਦੀ ਸਰਨਿ ਨੇ ਕੋਈ ਦੁਖ ਨਹੀ ਨੇੜੇ ਆਵਣ ਦਿੱਤੇ ਗੁਰੂ ਜੀ ਨੇ। ਸਰਨਿ ਪਰੇ ਕੀ ਰਾਖਤਾ ਨਾਹੀ ਸਹਸਾਇਆ।

**(ਹੁਕਮਨਾਮਾ ੩)**

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਨਾਮ ਜਪੋ ਜਨਮ ਸਫ਼ਲ ਕਰੋ

ਮੇਰਾ ਇਹ ਜੀਅ ਕਰਦਾ ਹੈ ਕਿ ਮੈਂ ਤੁਹਾਨੂੰ ਸਾਰਿਆਂ ਨੂੰ ਇਹ ਗੱਲ ਆਖਾਂ ਕਿ ਤੁਸੀਂ ਜਿਹੜੇ-ਜਿਹੜੇ ਵੀ ਧਰਮ ਨੂੰ ਮੰਨਦੇ ਹੋ, ਤੜਕੇ (ਅੰਮ੍ਰਿਤ ਵੇਲੇ) ਉੱਠਿਆ ਕਰੋ, ਮਾਸ-ਸ਼ਰਾਬ, ਆਂਡੇ, ਸਿਗਰੇਟ ਦੀ ਵਰਤੋਂ ਨਾ ਕਰੋ ਅਤੇ ਰੱਬ ਨੂੰ ਆਪਣੇ-ਆਪਣੇ ਤਰੀਕੇ ਨਾਲ ਜ਼ਰੂਰ ਯਾਦ ਕਰਿਆ ਕਰੋ।

ਤੁਸੀਂ ਜਾਣਦੇ ਹੋ ਕਿ ਏਥੇ ਇੰਗਲੈਂਡ ਵਿੱਚ ਵੀਜ਼ਾ ਲਵਾ ਕੇ ਆਏ ਹੋ। ਜਿਹੜੀ ਤਰੀਕ ਨੂੰ ਵੀਜ਼ਾ ਮੁੱਕ ਜਾਣਾ ਹੈ, ਫੇਰ ਤੁਸਾਂ ਏਥੇ ਰਹਿ ਨਹੀਂ ਸਕਣਾ। ਏਸੇ ਤਰ੍ਹਾਂ ਹੀ ਅਸੀਂ ਜਿਨ੍ਹਾਂ ਨੇ ਜਨਮ ਲਿਆ ਹੈ, ਸਾਨੂੰ ਵੀਜ਼ਾ ਮਿਲਿਆ ਹੈ ਕਿ ਏਨੇ ਸਾਲ ਉਮਰ ਭੋਗਣੀ ਹੈ ਤੇ ਫੇਰ ਏਥੋਂ ਚਲੇ ਜਾਣਾ ਹੈ। ਇਹ ਯਾਦ ਰੱਖਿਆ ਕਰੋ ਕਿ ਏਥੇ ਇੰਗਲੈਂਡ ਵਿੱਚ ਆਏ ਹੋ, ਜੇ ਕੁਝ ਚੰਗੇ ਕੰਮ ਕਰ ਜਾਂਦੇ ਹੋ ਤਾਂ ਤੁਹਾਡੀ ਤਾਰੀਫ਼ ਹੋਵੇਗੀ। ਏਸੇ ਤਰ੍ਹਾਂ ਦੁਨਿਆ ਤੇ ਆਏ ਹੋ, ਜੇ ਕੁਝ ਚੰਗੇ ਕੰਮ ਕੀਤੇ ਨੇ ਤਾਂ ਏਥੇ ਅਤੇ ਅੱਗੇ ਦਰਗਾਹ ਵਿੱਚ ਤੁਹਾਡੀ ਤਾਰੀਫ਼ ਹੋਣੀ ਹੈ।

# ਸੱਜਰੀ ਸਵੇਰ

✍-ਗੁਰੂਬਚਨ ਸਿੰਘ ਨਾਮਧਾਰੀ

ਅੰਗਰੇਜ਼ੀ ਸੱਭਿਆਚਾਰ ਦੇ ਭਿਆਨਕ ਤੂਫ਼ਾਨਾਂ ਵਿਚ, ਸਾਗਰ ਡੋਬੂ ਲਹਿਰਾਂ ਨੂੰ ਵੰਗਾਰਦਾ, ਇੱਕ ਬੇੜਾ ਵਿਖਾਈ ਦਿੱਤਾ। ਨਵੇਂ ਉਤਸ਼ਾਹ, ਨਵੀਆਂ ਆਸਾਵਾਂ-ਉਮੰਗਾਂ ਦਾ ਸੰਦੇਸ਼ ਦੇਂਦਾ... ਨਿਰੰਤਰ ਅੱਗੇ ਵੱਧਦਾ, ਨਾਮਧਾਰੀ ਪੰਥਕ ਬੇੜਾ। ਅਚਾਨਕ, ਕਿਸੇ ਕੁਲੱਖਣੀ ਘੜੀ ਦਾ ਮੰਦਭਾਗਾ ਝੋਂਕਾ ਆਇਆ। 5 ਭਾਦੋਂ 1959! ਉਸ ਸ਼ਾਨਾਮੱਤੇ ਬੇੜੇ ਦਾ ਖੇਵਟ ਖੋਹ ਲਿਆ। ਪੰਥ ਦੇ ਚੌਗਿਰਦੇ ਪਸਰੇ ਸਿਆਹ ਹਨ੍ਹੇਰੇ ਵਿੱਚ, ਡੋਲਦਾ... ਹਿਚਕੋਲੇ ਖਾਂਦਾ, ਬੇੜਾ। ਸ੍ਰੀ ਸਤਿਗੁਰੂ ਪਰਤਾਪ ਸਿੰਘ- ਇਸ ਦੇ ਦੀਪ ਮਾਨ ਸੂਰਜ ਦਾ ਅਵਸਾਨ ਹੋ ਗਿਆ। ਸ਼ੋਕ-ਵਿਯੋਗ ਵਿਚ ਡੁੱਬਦੇ ਪੰਥਕ ਬੇੜੇ ਅੱਗੇ, ਸਮੇਂ ਨੇ ਪ੍ਰਸ਼ਨ ਵਾਚਕ ਚਿਹਨ ਖੜਾ ਕਰ ਦਿੱਤਾ। ਗੱਭਰੂ ਹੋਣ ਤੋਂ ਪਹਿਲਾਂ ਹੀ, ਇਹ ਪੰਥਕ ਬੇੜਾ ਡੁੱਬ ਮਰੇਗਾ......ਜਾਂ ਕੋਈ ਨਵਾਂ, ਪ੍ਰਾਣ-ਊਰਜਾ-ਸੰਚਾਰਕ ਖੇਵਟ ਪ੍ਰਗਟ ਹੋਇਗਾ......ਜਿਹੜਾ ਸਮੇਂ ਦੇ ਸਾਗਰ ਨੂੰ ਵੰਗਾਰਦਾ, ਮੰਜ਼ਿਲ ਵੱਲ ਤੁਰ ਪਵੇਗਾ। ਫੇਰ ਨਵ ਸੂਰਜ ਦਾ ਉਦੈ! ਵਗਦੀਆਂ ਹਵਾਵਾਂ ਨੇ ਹਰਸ਼ਗਾਨ ਕੀਤਾ......ਦਸਾਂ ਦਿਸ਼ਾਵਾਂ 'ਚੋਂ......ਗਗਨ ਮੰਡਲ ਤੋਂ ਇਕ ਸਾਂਝਾ ਅਭਿਨੰਦਨ ਗੀਤ ਗੂੰਜਾਇਮਾਨ ਹੋਇਆ......"ਧੰਨ ਸਤਿਗੁਰੂ ਜਗਜੀਤ ਸਿੰਘ!" ਇਹ ਕੂਕਿਆਂ ਦੀ ਸੱਜਰੀ ਸਵੇਰ ਸੀ।

ਸਤਿਗੁਰੂ ਜੇਹਾ ਹੋਰ ਕੋਈ ਨਹੀਂ। ਰੱਬ ਨਹੀਂ...... ਦੇਵਤੇ ਨਹੀਂ। ਅਦਿੱਖ ਰੱਬ ਦੇ ਸੰਗ-ਸੁਖ ਦਾ ਕੋਈ ਵਸੀਲਾ ਨਹੀਂ। ਦੇਵਤੇ ਇੱਕ-ਇੱਕ ਮਹਿਕਮੇ ਵਿੱਚ ਸਿਮਟੇ ਹੋਏ, ਵਿਦਿਆ-ਸਰਸਵਤੀ ਕੋਲ, ਧਨ-ਲਖਮੀ ਕੋਲ। ਸ੍ਰਿਸ਼ਟੀ ਸਿਰਜਨਾ-ਬ੍ਰਹਮਾ ਕੋਲ, ਪਾਲਣਾ-ਵਿਸ਼ਨੂ ਜੀ ਕੋਲ ਅਤੇ ਸੰਘਾਰ ਮਹਾਦੇਵ ਕੋਲ। ਸੀਮਿਤ ਦਾਇਰੇ ਵਿਚ ਘਿਰੇ ਸਿਮਟੇ ਦੇਵਤੇ। ਵੇਦਾਂਤ ਨੇ ਸਤਿਗੁਰੂ ਬਾਬਤ ਕਿਹਾ ਹੈ, ਦੇਵ! ਦੇਵਾਂ ਦਾ ਦੇਵ! ਬ੍ਰਹਮ ਅਤੇ ਜੀਅ! ਬ੍ਰਹਮੰਡ ਦੇ ਦੋ ਬਿੰਦੂ! ਵਗਦੇ ਦਰਿਆ ਦੇ ਦੋ ਕਿਨਾਰੇ। ਲੱਖਾਂ ਜਨਮ ਲੰਘ ਆਏ...... ਮਿਲਨ ਦਾ ਕੋਈ ਵਸੀਲਾ ਨਹੀਂ। ਕਹਿੰਦੇ ਹਨ, ਨਿਰਾਕਾਰ ਬ੍ਰਹਮ ਨੇ ਆਪਣੇ 'ਚੋਂ ਦਿੱਵਯ ਜੋਤੀ ਪ੍ਰਗਟ ਕੀਤੀ, ਇਹ ਸਤਿਗੁਰੂ ਹੋਇਆ। ਸਤਿ ਅਰਥਾਤ ਬ੍ਰਹਮਾ! ਗੁਰੂ ਅਰਥਾਤ ਗਿਆਨ! ਬ੍ਰਹਮ ਦਾ ਪ੍ਰਗਟ ਗਿਆਨ......ਗੁਪਤ ਪਰਮੇਸ਼ਰ ਦਾ ਪ੍ਰਗਟ ਰੂਪ। ਇਹ ਇੱਕ ਸਵਤੰਤਰ ਸੱਤਾ ਹੁੰਦੀ ਏ। ਬ੍ਰਹਮ ਨਾਲ ਜੀਅ ਨੂੰ ਮਿਲਾਉਣ ਵਾਲੀ, ਬ੍ਰਹਿਮੰਡੀ ਵਿਵਸਥਾ ਦਾ ਨਾਂ ਹੈ, "ਗੁਰੂ"। ਮਾਇਆ, ਮੋਹ, ਈਰਖਾ ਦੇ ਚਿੱਕੜ ਵਿਚ ਲਿਬੜੇ ਮਨੁੱਖ ਨੂੰ ਝਾੜ-ਪੂੰਜ, ਧੋਅ ਕੇ ਦਿੱਵ ਜੋਤਿ ਜਾਗ੍ਰਿਤ ਕਰ ਦੇਣ ਵਾਲੀ, ਦ੍ਰਿਸ਼ਮਈ ਸ਼ਖ਼ਸੀਅਤ। ਮਹਾਂਭਾਰਤ ਦੇ ਸ਼ਾਂਤੀ ਪਰਵ ਵਿਚ, ਭਗਵਾਨ ਕ੍ਰਿਸ਼ਨ, ਅਰਜਨ ਨੂੰ ਭੇਦ ਖੋਲਦੇ ਹਨ:-

**"ਸਰੀਰ ਮੇਵਾ ਜਾਯਤੇ, ਮਾਤਾ ਪਿਤਾ ਚ ਅਰਜੁਨ: ਆਚਾਰਯੋ ਵਿਸ਼ਟ: ਯ: ਯਾਤੀ, ਦਿੱਵਯ: ਸ ਅਜਰ ਅਮਰਾ"**

ਮਾਤਾ-ਪਿਤਾ ਦਾ ਮੇਲ ਹੋਵੇ ਤਾਂ ਸਰੀਰ ਰੂਪੀ ਮਨੁੱਖ ਦਾ ਜਨਮ ਹੁੰਦਾ ਹੈ। ਗੁਰੂ ਸਿੱਖ ਦਾ ਸੁਮੇਲ ਹੋਵੇ, ਤਾਂ ਸਿੱਖ ਦੀ ਅੰਦਰਲੀ ਦਿੱਵ-ਜੋਤ ਪ੍ਰਗਟ ਹੁੰਦੀ ਏ। ਐਸੇ ਹੀ ਬ੍ਰਹਿਮੰਡੀ ਚੇਤਨਾ ਦੇ ਪੁੰਜ ਪੂਰਨ ਸਤਿਗੁਰੂ ਜਗਜੀਤ ਸਿੰਘ ਜੀ ਬਾਬਤ ਕੁਝ ਸੱਤਰਾਂ ਲਿਖੀਆਂ ਹਨ:-

**"ਤੇਰੀ ਨੂਰੀ ਲੋਅ ਤੋਂ ਸਭਿ ਜਗ ਰੁਸ਼ਨਾਇਆ।**
**ਤੇਰੀ ਨਿਘੀ ਪ੍ਰੀਤ ਨਾਲ ਹਰਿ ਸੈਅ ਹੁਲਸਾਇਆ।**
**ਆਪਿ ਪ੍ਰਭੂ ਜਗ ਪ੍ਰਗਟਿਆ ਇਥੇ ਬਣ ਗੁਰੂ ਜਗਤਾਰ॥**

ਸੰਨ 1967! ਬਿਹਾਰ ਵਿਚ ਭਿਆਨਕ ਅਕਾਲ ਪੈ ਗਿਆ। ਸਰਕਾਰ ਨੇ ਅਜੇ ਤੱਕ "ਸੋਕਾ-ਖੇਤਰ" ਨਹੀਂ ਸੀ ਘੋਸ਼ਿਤ ਕੀਤਾ।ਸੋਕਾ ਘੋਸ਼ਿਤ ਕਰਦਿਆਂ, ਇੱਕ-ਇੱਕ ਨਾਗਰਿਕ ਦੀ ਸੰਭਾਲ, ਸਰਕਾਰ ਦੀ ਜ਼ਿੰਮੇਵਾਰੀ ਬਣ ਜਾਂਦੀ ਏ... ਖਸਤਾ ਹਾਲ ਖਜ਼ਾਨੇ ਤੇ ਭਾਰਾ ਬੋਝ ਪੈਣਾ ਸੀ। ਮੱਕੀ ਅਤੇ ਝੋਨਾ, ਉਥੋਂ ਦੀਆਂ ਮੁੱਖ ਦੋਵੇਂ ਫ਼ਸਲਾਂ ਸੁੱਕ ਗਈਆਂ ਸਨ... ਧਰਤੀ ਦਾ ਮੂੰਹ ਪਾਟ ਗਿਆ ਸੀ। ਨਾ-ਉਮੀਦੀ ਦੇ ਆਲਮ ਵਿਚ, ਹਰ ਰੋਜ਼ ਮਨੁੱਖਾਂ ਅਤੇ ਮਵੇਸ਼ੀਆਂ ਦੀਆਂ, ਭੁੱਖ ਹੱਥੋਂ ਦਮ ਤੋੜਨ ਦੀਆਂ ਖ਼ਬਰਾਂ ਆ ਰਹੀਆਂ ਸਨ। ਉਸ ਵਿਕਟ ਸਮੇਂ, ਸਤਿਗੁਰੂ ਜਗਜੀਤ ਸਿੰਘ ਜੀ ਦਾ, ਡਾਲਟਨਗੰਜ ਦੌਰਾ ਹੋਇਆ। ਸਤਿਗੁਰੂ ਜੀ ਨੇ ਹਾਲਾਤ ਵੇਖੇ,ਸੁਣੇ... ਵਿਚਾਰ ਮਗਨ ਹੋਇਆ। ਮੈਂ ਉਦੋਂ 19 ਸਾਲ ਦੀ ਉਮਰ ਵਿਚ, ਉਥੇ ਮੌਜੂਦ ਸਾਂ। ਸਤਿਗੁਰੂ ਜੀ ਨੇ ਮੁਖੀ ਨਾਮਧਾਰੀ ਸਿੰਘਾਂ ਨਾਲ ਵਿਚਾਰ ਕਰਕੇ, "ਨਾਮਧਾਰੀ ਰਿਲੀਫ ਕਮੇਟੀ" ਦਾ ਗਠਨ ਕੀਤਾ। ਇਸ ਕਮੇਟੀ ਵਿਚ, ਸੇਠ ਕ੍ਰਿਪਾਲ ਸਿੰਘ ਹੁਰਾਂ ਦੇ ਨਾਲ, ਕਈ ਗੈਰ ਸਿੱਖ ਪਤਵੰਤੇ, ਹਿੰਦੂ, ਮਾਰਵਾੜੀ, ਬਾਣੀਏ, ਵਕੀਲ, ਵਪਾਰੀ ਵੀ ਸ਼ਾਮਿਲ ਸਨ। ਆਟਾ, ਚਾਵਲ, ਦਾਲਾਂ, ਕੱਪੜੇ ਦੇ ਭੰਡਾਰ ਬਣਾ, ਸਰਵਜਨਿਕ ਇਕੱਠ ਵਿਚ, ਸਤਿਗੁਰੂ ਜੀ ਨੇ 1899 ਦੇ ਭਿਆਨਕ, ਪੰਜਾਬ ਅਕਾਲ ਦਾ ਦ੍ਰਿਸ਼ ਅਤੇ ਸ੍ਰੀ ਭੈਣੀ ਸਾਹਿਬ ਦੀ ਭੂਮਿਕਾ... ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜਿਉਣ ਕੌਰ ਦੀ ਸਰਪ੍ਰਸਤੀ ਵਿਚ, ਚਲਾਇ ਗਏ "ਅਕਾਲ ਰਾਹਤ" ਦੇ ਪ੍ਰਸੰਗ ਦੇ ਨਾਲ, ਸ਼ਹਿਰ ਨਿਵਾਸੀਆਂ ਨੂੰ ਰਾਮਾਇਣ ਦੀ ਚੌਪਈ ਨਾਲ ਸੇਵਾ ਲਈ ਪ੍ਰੇਰਤ ਕੀਤਾ।

**"ਜੇਹਿ ਨ ਪਰ ਦੁਖਿ ਹੋਹਿ ਦੁਖਾਰੀ।"**

ਜਿਹੜਾਂ ਦੂਜਿਆਂ ਦੇ ਦੁੱਖ ਨਾਲ ਨਹੀਂ ਪੰਘਰਦਾ ਉਸਨੂੰ ਵੇਖਣਾ ਵੀ ਪਾਪ ਹੈ। ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਇਨ੍ਹਾਂ ਪ੍ਰੇਰਣਾ ਮਈ ਸ਼ਬਦਾਂ ਦਾ ਪ੍ਰਭਾਵ ਸੀ, ਜਾਂ ਸਤਿਗੁਰੂ ਜੀ ਦੀ ਆਪਣੀ ਅਨੁਕੰਪਾ, ਨਾਮਧਾਰੀ ਰਿਲੀਫ ਨੇ ਸਦਾ ਬਰਤ ਲਾ ਦਿੱਤਾ। ਅੱਜ ਵੀ ਇਲਾਕੇ ਦੇ ਬਜ਼ੁਰਗ ਉਸ

"ਰੱਬੀ ਰਾਹਤ ਦਾਤਾ" ਨੂੰ ਯਾਦ ਕਰਦੇ ਹਨ।
ਗੁਰ-ਪਰਮੇਸ਼ਰ ਬਾਬਤ ਕਿਹਾ ਗਿਐ-

**"ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।
ਦਰਿ ਮੰਗਿਨ ਭਿਖ ਨ ਪਾਇਦਾ॥ "**

ਸਤਿਗੁਰੂ ਤਾਂ ਸ਼ਾਂਤੀ ਦਾ ਸਾਗਰ ਹੁੰਦੈ। ਪਰ ਇਸ ਸਾਗਰ ਵਿਚ ਆਇ ਉਬਾਲ ਦਾ ਮੈਂ ਚਸ਼ਮਦੀਦ ਗਵਾਹ ਹਾਂ। ਸੰਨ 1971! ਸੱਚੇ ਪਾਤਸ਼ਾਹ, ਮਿਰਜਾਪੁਰ (ਯੂ.ਪੀ.) ਤੋਂ ਮੂੜੀ ਸੇਮਰ ਹੁੰਦੇ ਨਗਰ (ਬਿਹਾਰ) ਪੁੱਜੇ। ਨਗਰ, ਸੰਤ ਗੁਰਚਰਨ ਸਿੰਘ ਹੁਰੀਂ ਰਹਿੰਦੇ ਸਨ। ਕੱਪੜੇ ਦਾ ਵਪਾਰ ਸੀ। ਤਗੜੇ ਜਵਾਨ ਸਨ। ਮੁੰਗਲੀਆਂ ਫੇਰਨੀਆਂ, ਮੁੱਦਗਰ ਚੁੱਕਣੇ। ਕਸਰਤੀ ਸਰੀਰ... ਇਲਾਕੇ ਵਿਚ ਦਬਦਬਾ ਸੀ। ਸੱਚੇ ਪਾਤਸ਼ਾਹ ਘਰ ਚਰਨ ਪਾਏ। ਸੰਤ ਗੁਰਚਰਨ ਸਿੰਘ (ਗੁੱਜ਼ਰਾਂਵਾਲਾ) ਹੁਰੀਂ ਕਾਫ਼ਲੇ ਦੇ ਨਾਲ ਹੀ ਟੁਰ ਪਏ। ਗੜ੍ਹਵਾ ਹੁੰਦੇ ਹੋਏ, ਡਾਲਟਨਗੰਜ ਪੁੱਜੇ। ਦੂਜੇ ਦਿਨ, ਘਰੋ ਘਰ, ਚਰਣ ਪੈ ਰਹੇ ਸਨ। ਸੰਗਤ ਸੰਗ ਮੈਂ ਵੀ ਅੰਦਰ ਗਿਆ। ਭੀੜ ਹੋ ਜਾਣ ਤੇ ਬਾਹਰ ਆ ਗਿਆ। ਬਾਹਰ ਸੰਤ ਗੁਰਚਰਨ ਸਿੰਘ ਹੁਰੀਂ ਵੀ ਸਨ। ਇਹ ਸੰਤ ਗੁਰਚਰਨ ਸਿੰਘ ਜੀ ਮੇਰੇ ਸਕੇ ਤਾਇਆ ਜੀ, ਸੰਤ ਹਾਕਮ ਸਿੰਘ, ਇਹਨਾਂ ਘਰ ਚਰਨ ਪੈ ਰਹੇ ਸਨ, ਹੁਰਾਂ ਦੇ ਵੱਡੇ ਪੁੱਤਰ ਸਨ। ਬਾਹਰ ਖੜ੍ਹੇ ਸਨ। ਮੌਜੂਦਾ ਨਾਮਧਾਰੀ ਗੁਰਦੁਆਰਾ ਗੜ੍ਹਦੀਵਾਲ ਤੋਂ, ਸੰਤ ਹਰਨਾਮ ਸਿੰਘ ਜੀ ਆਏ ।ਉਨ੍ਹਾਂ ਦੀ ਉਮਰ ਓਦੋਂ 62-65 ਕਰੀਬ ਹੋਣੀ !ਸਰੀਰ ਥੱਕਿਆ ਹਾਰਿਆ ਜਿਹਾ ।ਕਿਸੇ ਗੱਲ ਤੋਂ ਸੰਤ ਗੁਰਚਰਨ ਸਿੰਘ ਹੁਰਾਂ, ਫੜ ਕੇ ਧੱਕਾ ਮਾਰਿਆ ਤਾਂ ਸੰਤ ਹਰਨਾਮ ਸਿੰਘ ਦੀਵਾਰ ਨਾਲ ਟੱਕਰ ਖਾ ਡਿੱਗ ਪਏ।ਅੰਦਰੋਂ ਸੱਚੇਪਾਤਸ਼ਾਹ,ਚਰਨ ਪਾ ਕੇ ਬਾਹਰ ਆਏ.....ਭੀੜ....ਸ਼ੋਰ ਸੁਣ ਪੁੱਛਿਆ,ਕੀ ਗੱਲ ਹੋਈ? ਸੰਤ ਹਰਨਾਮ ਸਿੰਘ ਹੱਥ ਜੋੜ ਅੱਗੇ ਆਇ।ਸੱਚੇ ਪਾਤਸ਼ਾਹ, ਮੈਂ ਤਾਂ ਦਰਸ਼ਨ ਕਰਨ ਆਇਆਂ ਸਾਂ...ਗੁਰਚਰਨ ਸਿੰਘ ਨੇ..ਧੱਕਾ... ਰੋਣ ਲੱਗ ਪਏ।ਅੱਗੇ ਬੋਲ ਨਾ ਸਕੇ।ਮੈਂ ਵੇਖਿਆ, ਸਾਗਰ ਵਿਚ ਉਬਾਲ ਆਉਂਦਿਆ..। ਸਤਿਗੁਰਾਂ ਦੇ ਮੁਖਾਰਬਿੰਦ ਤੋਂ ਨਿਕਲਿਆ, " ਉਸ ਤੈਨੂੰ ਧੱਕਾ ਨਹੀਂ ਮਾਰਿਆ ....ਆਪਣੇ ਆਪ ਨੂੰ ਧੱਕਾ ਮਾਰਿਆ ਏ।" ਸਤਿਗੁਰੂ ਜੀ ਨੇ ਸੰਤ ਹਰਨਾਮ ਸਿੰਘ ਨੂੰ ਮੋਢੇ ਤੇ ਹੱਥ ਰੱਖ ਹੌਂਸਲਾ ਦਿੱਤਾ।ਸੰਤ ਗੁਰਚਰਨ ਸਿੰਘ ਪੱਕੇ ਸੋਧੀ ਸੇਵਾਦਾਰ'...ਹਰ,ਹੋਲੇ-ਅੱਸੂ ਮੇਲੇ ਤੇ ਸ੍ਰੀ ਭੈਣੀ ਸਾਹਿਬ ਸੇਵਾ ਸੰਭਾਲਨ ਵਾਲੇ.....ਸਤਿਗੁਰਾਂ ਉਨ੍ਹਾਂ ਵਲ ਵੇਖਿਆ ਵੀ ਨਹੀਂ....ਅੱਗੇ ਵੱਧ ਗਏ। ਵੇਲਾ ਹਥੋਂ ਨਿਕਲ ਗਿਆ....ਸਮੇਂ ਦਾ ਧੱਕਾ ਪੈ ਗਿਆ ਵਪਾਰ.... ਸ਼ੁਹਰਤ ਸਭ ਸਾਥ ਛੱਡ ਗਏ।ਘਰ ਵਪਾਰ ਸਭ ਛੱਡ, ਸੰਤ ਸ੍ਰੀ ਭੈਣੀ ਸਾਹਿਬ ਆ ਗਏ.....ਪਛਤਾਵੇ ਨੇ ਆ ਘੇਰਿਆ।ਕਈ ਸਾਲ ਬਤੀਤ ਹੋ ਗਏ ।ਸਤਿਗੁਰ ਫੇਰ, ਬਖਸ਼ਿਸ ਦੇ ਘਰ ਆਏ.... ਸਮੇਂ ਦਾ ਰੁੱਖ ਇੱਕ ਵਾਰ ਫਿਰ ਮੋੜ ਦਿੱਤਾ! ਪਹਿਲਾਂ ਵਾਂਗ ਲਹਿਰਾਂ ਬਹਿਰਾਂ ਕਰ ਦਿੱਤੀਆਂ। 1984 ਤੋਂ ਬਾਅਦ ਇਹ ਪ੍ਰਵਾਰ ਐਲਨਾਬਾਦ ਆ ਗਿਆ ਫੇਰ ਸ੍ਰੀ ਭੈਣੀ ਸਾਹਿਬ ਆ ਗਏ। ਸਮਸ਼ੇਰ ਸਿੰਘ ਲੰਮਾ ਸਮਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚੌਰ ਬਰਦਾਰ ਵੀ ਰਹੇ। ਅੱਜ ਕੱਲ੍ਹ ਸੰਤ ਗੁਰਚਰਨ ਸਿੰਘ ਜੀ ਦੇ ਦੋਵੇਂ ਪੁੱਤਰ ਸਮਸ਼ੇਰ ਸਿੰਘ ਅਤੇ ਗੁਰਦਿਆਲ ਸਿੰਘ ਲੁਧਿਆਣੇ ਹੁੰਦੇ ਹਨ। ਔਰ ਘਰ ਵਿਚ ਸੁੱਖ, ਸਮ੍ਰਿਧੀ ਅਤੇ ਖੁਸ਼ੀਆਂ ਕਰ ਦਿੱਤੀਆਂ।ਜਮਾਨੇ ਵਿਚ ਤਾਂ, ਖੁਦਗਰਜੀ ਤੋਂ ਉਪਜਿਆ....ਹਨੇਰਾ ਹੁੰਦਾ ਏ....ਭਰੀ ਦੁਪਹਿਰ ਘਿਰ ਆਏ ਹਨ੍ਹੇਰੇ ਵਾਂਗ । ਗੁਰੂ, "ਸਜਰੀ ਸਵੇਰ" ਬਣ ਉਤਰਦੈ....ਫੁੱਲਾਂ ਦੀ ਜਵਾਨੀ ਦੇ ਸੰਗੀਤ ਵਾਂਗ! ਪੰਖੀਆਂ ਦੇ ਸੁਤੰਤਰ ਗੀਤਾਂ ਵਾਂਗ.....

**-ਗੁਰਬਚਨ ਸਿੰਘ ਨਾਮਧਾਰੀ**
**ਸੰਪਰਕ:93160-51015**

## ਸਭ ਮਾਲਕ ਦੇ ਰੰਗ ਨੇ ਸੱਜਣਾ

ਅੰਬਰਾਂ ਤੋਂ ਕਿਵੇਂ ਡਿਗਦਾ ਪਾਣੀ, ਮੀਂਹ ਦਾ ਰੂਪ ਬਣਾ ਕੇ,
ਕਿਵੇਂ ਦੇਂਦੀਆਂ ਦੁੱਧ ਨੇ ਮੱਝਾਂ, ਸੁੱਕੀ ਤੂੜੀ ਖਾ ਕੇ,
ਪੰਛੀਆਂ ਕੋਲੇ ਉੱਡਣ ਲਈ, ਆ ਜਾਂਦੇ ਕਿੱਥੋਂ ਖੰਭ ਨੇ,
ਸਭ ਮਾਲਕ ਦੇ ਰੰਗ ਨੇ ਸੱਜਣਾ,
ਸਭ ਮਾਲਕ ਦੇ ਰੰਗ ਨੇ ਸੱਜਣਾ,

ਕਿਵੇਂ ਜੜ੍ਹਾਂ 'ਚੋਂ ਤਨਾ ਨਿਕਲਦਾ ਕਿਵੇਂ ਤਨੇ 'ਚੋਂ ਟਾਹਣੀ,
ਬਿਨਾਂ ਰਸਤਿਓਂ ਕਿੰਜ ਵੜ ਜਾਂਦੈ ਖੋਪੇ ਦੇ ਵਿਚ ਪਾਣੀ,
ਬੱਲੀਆਂ ਵਿੱਚ ਦਸ ਕਣਕ ਦੇ ਦਾਣੇ ਕਿੰਜ ਹੋ ਜਾਂਦੇ ਬੰਦ ਨੇ,
ਸਭ ਮਾਲਕ ਦੇ ਰੰਗ ਨੇ ਸੱਜਣਾ,
ਸਭ ਮਾਲਕ ਦੇ ਰੰਗ ਨੇ ਸੱਜਣਾ,

ਤਿੰਨਾਂ ਦੇ ਵਿੱਚ ਫਰਕ ਬੜਾ ਏ, ਸਾਰੀ ਦੁਨੀਆਂ ਮੰਨੇ,
ਇੱਕੋ ਮਿੱਟੀ ਵਿਚੋਂ ਉੱਗਦੇ, ਅੱਕ, ਇਮਲੀ ਤੇ ਗੰਨੇ,
ਅੱਕ ਕੌੜਾ, ਇਮਲੀ ਖੱਟੀ, ਗੰਨੇ ਕਿਉਂ ਮਿੱਠੇ ਖੰਡ ਨੇ,
ਸਭ ਮਾਲਕ ਦੇ ਰੰਗ ਨੇ ਸੱਜਣਾ,
ਸਭ ਮਾਲਕ ਦੇ ਰੰਗ ਨੇ ਸੱਜਣਾ,

ਥੱਕ ਗਈ ਸਾਇੰਸ 'ਦੋਰਾਹੇ ਵਾਲੇ ਲਾਲੀ' ਖੋਜਾਂ ਕਰਕੇ,
ਕਿੱਥੋਂ ਆਉਂਦੈ ਬੰਦਾ ਜੰਮ ਕੇ, ਕਿੱਥੇ ਜਾਂਦੈ ਮਰ ਕੇ,
ਭੇਤ ਇਹ ਸਾਰੇ ਦੇ ਸਾਰੇ, ਉਸ ਦੀ ਮੁੱਠੀ ਵਿੱਚ ਬੰਦ ਨੇ,
ਸਭ ਮਾਲਕ ਦੇ ਰੰਗ ਨੇ ਸੱਜਣਾ,
ਸਭ ਮਾਲਕ ਦੇ ਰੰਗ ਨੇ ਸੱਜਣਾ,

Courtesy: youtube:punjabilehar.Pk.

# ਆਪਣੇ ਜਿਹੀ ਆਪ, ਜਗਤ ਮਾਤਾ ਭੁਪਿੰਦਰ ਕੌਰ ਜੀ

- ਸੁਵਰਨ ਸਿੰਘ ਵਿਰਕ

ਸ੍ਰੀ ਭੈਣੀ ਸਾਹਿਬ ਦੇ ਇਤਿਹਾਸਿਕ ਅਸਥਾਨਾਂ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਸਭ ਤੋਂ ਪਹਿਲਾਂ ਰਾਮ ਮੰਦਰ ਦੇ ਦਰਸ਼ਨ ਕਰਦੀਆਂ ਹਨ। ਜਿਸ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਨਿਵਾਸ ਸਥਾਨ ਅਤੇ ਬੰਦਗੀ ਕਰਨ ਵਾਲਾ ਥੜ੍ਹਾ ਸਾਹਿਬ ਵੀ ਇਸਥਿੱਤ ਹੈ। ਇਸ ਤੋਂ ਬਆਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਵਾਲੇ ਮੰਦਰਾਂ ਦੇ ਉੱਪਰ ਗੱਦੀ ਸਾਹਿਬ ਵਾਲਾ ਚੌਬਾਰਾ ਹੈ ਜਿਸ ਵਿੱਚ ਗੁਰੂ ਹਰੀ ਸਿੰਘ ਜੀ ਦਾ ਤਪ ਅਸਥਾਨ ਅਤੇ ਨਿਵਾਸ ਸਥਾਨ ਹੈ। ਇਸ ਚੌਬਾਰੇ ਦੇ ਚੜ੍ਹਦੇ ਵੱਲ ਥੋੜ੍ਹੇ ਜਿਹੇ ਨੀਵੇਂ ਅਸਥਾਨ 'ਤੇ ਪੂਜਨੀਕ ਮਾਤਾ ਭੂਪਿੰਦਰ ਕੌਰ ਜੀ ਵਾਲਾ ਚੌਬਾਰਾ ਹੈ, ਜਿਸ ਵਿਚ ਆਪ ਉਸ ਸਮੇਂ ਨਿਵਾਸ ਕਰਿਆ ਕਰਦੇ ਸਨ, ਜਦੋਂ ਹੇਠਾਂ ਮੰਦਰਾਂ ਵਿੱਚ ਜਗਤ ਮਾਤਾ ਜੀਵਨ ਕੌਰ ਅਤੇ ਮਾਤਾ ਫਤੇਹ ਕੌਰ ਜੀ ਨਿਵਾਸ ਕਰਿਆ ਕਰਦੇ ਸਨ। ਮਾਤਾ ਭੁਪਿੰਦਰ ਕੌਰ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨ-ਸੰਗਨੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੇ ਜਨਨੀ ਮਾਤਾ ਜੀ ਸਨ। ਆਪ ਦਾ ਗੁਰੂ ਘਰ ਵਿੱਚ ਨਿਵਾਸ ਕਰਨ ਦਾ ਸਮਾਂ ਸਿਰਫ਼ ਇੱਕ ਦਹਾਕਾ ਭਰ ਹੈ, ਪਰ ਇਸ ਸਮੇਂ ਵਿੱਚ ਆਪ ਜੀ ਨੇ ਜਿਸ ਨਿਰਮਾਣਤਾ, ਹਿੰਮਤ, ਉਤਸ਼ਾਹ, ਲਗਨ ਅਤੇ ਦ੍ਰਿੜਤਾ ਨਾਲ ਗੁਰੂ ਘਰ ਅਤੇ ਆਈ ਸੰਗਤ ਦੀ ਸੇਵਾ ਕੀਤੀ, ਉਸ ਕਾਰਨ ਆਪ ਆਪਣੀ ਸੰਸਾਰਕ ਯਾਤਰਾ ਸੰਪੂਰਨ ਕਰਨ ਤੋਂ ਛੇ ਸਾਲ ਘੱਟ ਇੱਕ ਸਦੀ ਗੁਜ਼ਰ ਜਾਣ ਬਾਅਦ ਅੱਜ ਵੀ ਸੰਗਤ ਦੇ ਹਿਰਦਿਆਂ ਵਿੱਚ ਵੱਸਦੇ ਹਨ। ਆਪ ਦੇ ਪਰਉਪਕਾਰਾਂ ਦੀ ਗਾਥਾ, ਸਾਥੋਂ ਪਹਿਲੀ ਪੀੜ੍ਹੀ ਦੀਆਂ ਨਾਮਧਾਰੀ ਮਾਈਆਂ ਬੀਬੀਆਂ, ਬੜੀ ਵੈਰਾਗ ਮਈ ਸੁਰ ਵਿੱਚ ਸੁਣਾਇਆ ਕਰਦੀਆਂ ਸਨ। ਆਪ ਜੀ ਦੀ ਜੀਵਨ ਸਾਖੀ ਇੱਕ ਕਰੁਣਾ ਰਸ ਭਰੇ ਇਕ ਬਿਰਤਾਂਤ ਨਾਲ ਜੁੜੀ ਹੋਈ ਹੈ, ਕਿਉਂਕਿ ਆਪ ਦੇ ਵਿਛੋੜੇ ਸਮੇਂ, ਵੱਡੇ ਸਾਹਿਬਜ਼ਾਦੇ ਚਾਰ ਸਾਲ ਅਤੇ ਛੋਟੇ ਸਿਰਫ਼ ਇੱਕ ਸਾਲ ਤੋਂ ਵੀ ਘੱਟ ਆਰਜਾ ਦੇ ਸਨ।

ਮਾਤਾ ਜੀ ਦਾ ਪਰਿਵਾਰਕ ਪਿਛੋਕੜ ਪਿੱਛੋਂ ਰਾਜਸਥਾਨ ਨਾਲ ਜੁੜਦਾ ਹੈ। ਜਿੱਥੇ ਦੁਰਜਾਣੇ ਦੇ ਕਿਲੇ ਪਾਸ ਸੈਂਕੜੇ ਪਿੰਡ ਸੋਹੂ ਜਾਣਦੇ ਹਨ। ਇਹਨਾਂ ਦੇ ਵੰਸ਼ਿਜ਼ 'ਚੋ ਜੈ ਕਿਸ਼ਨ, ਨੌਹਰ ਦੇ ਪਾਸ ਕਰਨਪੁਰ ਪਿੰਡ ਵਿੱਚ ਵੱਡੇ ਮਾਲਕ ਸਨ। ਇਹਨਾਂ ਦਾ ਪੁੱਤਰ ਚੌਧਰੀ ਹਮੀਰ ਸਿੰਘ 19 ਵੀਂ ਸਦੀ ਦੇ ਪਿਛਲੇ ਅੱਧ ਵਿੱਚ, ਸਰਹਿੰਦ ਨਹਿਰ ਦੀ ਸੋਅ ਸੁਣਕੇ, ਬਠਿੰਡੇ ਦੇ ਇਲਾਕੇ ਜੋਗੇਵਾਲਾ ਪਿੰਡ ਵਿੱਚ ਜ਼ਮੀਨ ਖਰੀਦ ਕੇ ਟਿਕ ਗਿਆ। ਇਧਰ ਆ ਕੇ ਪਟਿਆਲੇ ਦੇ ਸਿੱਖ ਸਰਦਾਰਾਂ ਦੀ ਸੰਗਤ ਵਿੱਚ ਉਸ ਅੰਮ੍ਰਿਤ ਛਕ ਕੇ, ਕਛਹਿਰਾ ਪਹਿਨ ਲਿਆ। ਗੁਆਂਢੀ ਪਿੰਡ ਮਲਕਾਣੇ ਦੇ ਸਿੱਧੂ ਸਰਦਾਰਾਂ ਵੱਲ ਦੁਬਾਰਾ ਵਿਆਹਿਆ ਗਿਆ। ਇਹ ਜ਼ਮੀਨ ਰਹਿਣ ਕਰਕੇ, ਅੰਗਰੇਜ਼ੀ ਇਲਾਕੇ ਵਿੱਚ, ਫਿਰੋਜ਼ਪੁਰ ਇਲਾਕੇ ਦੇ ਪਿੰਡ ਰੱਤਾ ਵਾਸ ਉਰਫ਼ ਗੱਦਾ ਡੋਬ ਵਿੱਚ ਭੂਮੀ ਲੈ ਕੇ ਰਹਿਣ ਲੱਗਾ। ਪਿੰਡ ਸ੍ਰ. ਹਮੀਰ ਸਿੰਘ ਨੇ ਹੀ ਵਸਾਇਆ ਸੀ। ਉਹ ਉਰਦੂ, ਪੰਜਾਬੀ ਪੜ੍ਹੇ ਹੋਣ ਕਾਰਨ, ਪਿੰਡ ਦੇ ਨੰਬਰਦਾਰ ਵੀ ਸਨ। ਆਪ ਦੇ ਘਰ ਇੱਕ ਪੁੱਤਰੀ ਸਦਾ ਕੌਰ ਅਤੇ ਤਿੰਨ ਪੁੱਤਰ ਸਦਾ ਸਿੰਘ, ਸੁੰਦਰ ਸਿੰਘ ਅਤੇ ਦਾਨ ਸਿੰਘ ਹੋਏ। ਇੱਕ ਪਿੰਡ ਸ੍ਰ. ਹਮੀਰ ਸਿੰਘ ਨੇ ਨਵੀਂ ਆਬਾਦ ਹੋ ਰਹੀ ਨਹਿਰੀ ਬਸਤੀ ਬਹਾਵਲਪੁਰ ਰਿਆਸਤ ਵਿੱਚ ਵੀ ਖਰੀਦ ਲਿਆ। ਹਮੀਰ ਸਿੰਘ ਹੋਰਾਂ ਦੇ ਨਵੇਂ ਪਿੰਡ ਦੇ ਨੇੜੇ ਹੀ ਕੋਈ 20-22 ਕਿਲੋਮੀਟਰ 'ਤੇ ਸੂਬਾ ਮਲੂਕ ਸਿੰਘ ਦਾ ਪਿੰਡ ਫੂਲੇਵਾਲ ਸੀ। ਇਥੇ ਬਾਬਾ ਖੜਕ ਸਿੰਘ ਨਾਮ ਦੇ ਬੜੇ ਮਸ਼ਹੂਰ ਕੂਕੇ ਸਿੰਘ ਸਨ। ਉਹਨਾਂ ਦੀ ਪੋਤਰੀ ਬੀਬੀ ਰਾਮ ਕੌਰ ਦਾ ਅਨੰਦ ਸੁੰਦਰ ਸਿੰਘ ਸੋਹੂ ਨਾਲ ਹੋ ਗਿਆ। ਇਸ ਅਨੰਦ ਕਾਰਜ ਤੋਂ ਪਹਿਲਾਂ ਸੱਦਾ ਸਿੰਘ, ਸੁੰਦਰ ਸਿੰਘ ਦੋਵੇਂ ਭਾਈ ਕੂਕੇ ਸਿੰਘ ਸੱਜ ਚੁਕੇ ਸਨ। ਇਸ ਕਾਰਨ ਇਹਨਾਂ ਭਰਾਵਾਂ ਦੇ ਬੇਨਤੀ ਕਰਨ ਤੇ ਸ੍ਰੀ ਗੁਰੂ ਹਰੀ ਸਿੰਘ ਜੀ ਜਦੋਂ ਮੁਕਤਸਰ ਮਾਘੀ ਦੇ ਮੇਲੇ ਤੋਂ ਅੱਗੇ ਪਿੱਛੇ, ਛੁੱਟੀ ਮਿਲਣ 'ਤੇ, ਇਸ ਇਲਾਕੇ ਦਾ ਦੌਰਾ ਕਰਦੇ ਤਾਂ ਆਪ ਜੀ ਗੱਦਾ ਡੋਬ ਵਿਖੇ ਵੀ ਚਰਨ ਪਾਇਆ ਕਰਦੇ ਸਨ। ਇੱਕ ਦੌਰੇ ਸਮੇਂ ਗੁਰੂ ਜੀ ਨੇ ਅਰਦਾਸ ਕਰਵਾਕੇ ਅਤੇ ਸ਼ੱਕਰ ਵਰਤਾ ਕੇ, ਪਿੰਡ ਦਾ ਨਾਮ ਗੱਦਾ ਡੋਬ ਤੋਂ ਗੁਰੂਸਰ ਕਰ ਦਿੱਤਾ ਸੀ। ਪਰੰਤੂ ਸਰਕਾਰੀ ਕਾਗਜ਼ਾਂ ਵਿੱਚ ਦਖਲ ਅੰਦਾਜੀ ਨਾ ਹੋਣ ਕਾਰਣ, ਲਿਖਤ ਵਿਚ ਨਾਂ ਗੱਦਾ ਡੋਬ ਹੀ ਰਿਹਾ। ਇਸੇ ਪਿੰਡ ਵਿਚ ਕੱਤਕ 1955 ਬ੍ਰਿਕਮੀ, ਮੁਤਾਬਿਕ ਨਵੰਬਰ 1898 ਈ. ਵਿੱਚ ਸ. ਸੁੰਦਰ ਸਿੰਘ, ਮਾਤਾ ਰਾਮ ਕੌਰ ਦੇ ਘਰ ਬੀਬੀ ਵੀਰੋ ਜੀ ਦਾ ਜਨਮ ਹੋਇਆ। ਆਪ ਤੋਂ ਵੱਡੇ ਕਿਰਪਾਲ ਸਿੰਘ, ਮੀਹਾਂ ਸਿੰਘ ਅਤੇ ਨਾਹਰ ਸਿੰਘ ਤਿੰਨ ਭਾਈ ਅਤੇ ਬੀਬੀ ਹਰਨਾਮ ਕੌਰ ਨਾਮ ਦੀ ਇਕ ਭੈਣ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਸੂਬਿਆਂ ਵਿੱਚੋਂ ਇਕ ਸੂਬਾ ਹੁਕਮਾ ਸਿੰਘ ਜੀ ਪਿੱਥੋਂ ਵਾਲੇ, ਜਦੋਂ ਫਰਵਰੀ 1887 ਈ. ਵਿੱਚ ਸਰਕਾਰ ਨੇ ਚੁਨਾਰ ਦੇ ਕਿਲੇ ਤੋਂ ਰਿਹਾਅ ਕੀਤੇ ਸਨ ਤਾਂ ਆਪ ਨੇ ਆਪਣੇ ਰਹਿਣ ਲਈ ਗੁਰੂਸਰ (ਗੱਦਾ ਡੋਬ) ਦੀ ਚੋਣ ਕੀਤੀ ਸੀ। ਪੂਰੇ ਚੌਵੀ ਸਾਲ ਇਸ ਪਿੰਡ ਵਿਚ ਬਿਤਾਉਣ ਤੋਂ ਬਾਅਦ 1912 ਈ. ਵਿੱਚ ਇਥੇ ਹੀ ਸੂਬਾ ਜੀ ਦਾ ਦੇਹਾਂਤ ਹੋਇਆ, ਜਿੱਥੇ ਆਪਜੀ ਦੀ ਸਮਾਧ ਬਣੀ ਹੈ, ਜਿਸ ਦੀ ਬਹੁਤ ਮਾਨਤਾ ਹੈ। ਬੀਬੀ ਵੀਰੋ ਦੇ ਜਨਮ ਸਮੇਂ, ਕਿਉਂਕਿ ਸੂਬਾ ਜੀ ਦਾ ਲੰਗਰ ਪਾਣੀ ਸ. ਸੁੰਦਰ ਸਿੰਘ ਜੀ ਹੁਰਾਂ ਵੱਲ ਹੀ ਹੁੰਦਾ ਸੀ, ਇਸ ਲਈ ਸੂਬਾ ਹੁਕਮਾ ਸਿੰਘ ਹੁਰਾਂ ਹੀ ਗੁਰੂ ਮਰਯਾਦਾ ਅਨੁਸਾਰ ਬੀਬੀ ਰਾਮ ਕੌਰ ਨੂੰ ਅੰਮ੍ਰਿਤ ਛਕਾਉਣ ਸਮੇਂ ਬੀਬੀ ਵੀਰੋ ਜੀ ਨੂੰ ਭਜਨ ਦੱਸਿਆ ਸੀ।

ਸ੍ਰ. ਸੁੰਦਰ ਸਿੰਘ ਹੁਰਾਂ ਦੇ ਘਰ ਚੌਬਾਰੇ ਵਿੱਚ ਅਖੰਡ ਪਾਠ ਹੁੰਦੇ ਹੀ ਰਹਿੰਦੇ ਸਨ। ਬਿਸ਼ਨ ਸਿੰਘ ਹਿਸਟੋਰੀਅਨ ਦੇ ਮੁਤਾਬਿਕ ਆਪ ਜੀ ਦੇ ਘਰ ਸੰਤ ਮੰਡਲੀ ਦਾ ਨਿਵਾਸ ਹੁੰਦਾ ਸੀ। ਸੰਤ ਸੋਹਣ ਸਿੰਘ ਘਾਲੀ, ਸੰਤ ਧਿਆਨ ਸਿੰਘ ਜੀ, ਸੰਤ ਨਰਾਇਣ ਸਿੰਘ ਜੀ, ਮਾਨ ਸਿੰਘ ਜੀ ਖੱਟੜਿਆਂ ਵਾਲੇ, ਬਾਬਾ ਹਰਨਾਮ ਸਿੰਘ ਜੀ ਧਰਮ ਕੋਟੀਏ, ਭਾਈ ਪ੍ਰੇਮ ਸਿੰਘ, ਭਾਈ ਕਿਰਪਾਲ ਸਿੰਘ ਭਦੌੜ ਦਾ ਰਾਗੀ ਜਥਾ ਵੀ ਇਥੇ ਪੁੱਜੇ ਰਹਿੰਦੇ।

ਇਕ ਸੰਤ ਹਰੀ ਸਿੰਘ ਜੀ ਨਾਮੇ ਕੂਕੇ ਸਾਧੂ ਵੀ ਇਥੇ ਅਕਸਰ ਆਇਆ ਕਰਦੇ ਸਨ। ਉਹਨਾਂ ਨੇ ਬਚਪਨ ਵਿਚ ਵੀਰੋ ਜੀ ਦੇ ਚਿਹਨ ਚੱਕਰ ਅਤੇ ਸਾਤਵਿਕ ਸੁਭਾਉ ਵੇਖਕੇ ਬਚਨ ਕਰ ਦਿੱਤਾ ਸੀ- "ਇਸ ਬੀਬੀ ਵੀਰੋ ਨੂੰ ਕੋਈ ਮਾੜਾ ਬੋਲ ਕੇ ਇਸ ਦਾ ਮੂੰਹ ਨਾ ਫਟਕਾਰੇ ਇਹ ਤਾਂ ਜਗਤ-ਮਾਤ ਹੋਏਗੀ।" ਦਸ ਸਾਲਾਂ ਦੀ ਉਮਰ ਤੱਕ ਆਪ ਨੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਸਰਲ ਕਰ ਲਿਆ ਸੀ ਅਤੇ ਰੋਜ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਭਜਨ ਸਿਮਰਨ ਵੀ ਕਰਨ ਲੱਗ ਪਏ। ਸਰਦਾਰ ਸੁੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਬੀਬੀ ਵੀਰੋ ਵਾਸਤੇ ਜਦੋਂ ਵਰ ਦੀ ਖੋਜ ਲਈ ਸੱਜੇ ਖੱਬੇ ਨਿਗਾਹ ਦੌੜਾਈ ਤਾਂ ਉਹਨਾਂ ਨੇ ਉਸ ਸਮੇਂ ਚੌਵੀ ਕੁ ਸਾਲ ਦੇ ਯੁਵਾ ਸਤਿਗੁਰੂ ਪਰਤਾਪ ਸਿੰਘ ਜੀ ਹੀ ਇਸ ਰਿਸ਼ਤੇ ਦੀ ਕਸਵੱਟੀ 'ਤੇ ਖਰੇ ਉਤਰਦੇ ਨਜ਼ਰ ਆਏ। ਸਰਦਾਰ ਜੀ ਨੇ ਆਪਣੇ ਮਿੱਤਰ ਮਿਸਤਰੀ ਜੁਆਲਾ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਕਿ ਮੇਰਾ ਸਰੀਰ ਠੀਕ ਨਹੀਂ ਰਹਿੰਦਾ, ਮੈਨੂੰ ਸਤਿਗੁਰੂ ਜੀ ਦਰਸ਼ਨ ਦੇ ਜਾਣ। ਸਤਿਗੁਰੂ ਜੀ ਮਿਸਤਰੀ ਜੀ ਤੋਂ ਸੁਣ ਕੇ ਉਹਨਾਂ ਦੇ ਨਾਲ ਹੀ ਲੁਧਿਆਣੇ ਤੋਂ ਰੇਲ ਦੁਆਰਾ ਪੱਕੀ ਦੇ ਸਟੇਸ਼ਨ ਤੇ ਉੱਤਰੇ ਅਤੇ ਅੱਗੇ ਆਈਆਂ ਸੁਆਰੀਆਂ 'ਤੇ ਗੁਰੂ ਸਰ ਪੁੱਜ ਗਏ। ਸ੍ਰ. ਸੁੰਦਰ ਸਿੰਘ ਹੁਰਾਂ ਦਰਸ਼ਨ ਵੀ ਕੀਤੇ ਅਤੇ ਆਪਣਾ ਸੰਕਲਪ ਵੀ ਸਤਿਗੁਰੂ ਜੀ ਅੱਗੇ ਖੋਹਲ ਦਿੱਤਾ। ਸ੍ਰ. ਰਜਿੰਦਰ ਸਿੰਘ (ਭਤੀਜਾ ਮਾਤਾ ਭੁਪਿੰਦਰ ਕੌਰ ਜੀ) ਦੇ ਲਿਖਣ ਮੁਤਾਬਿਕ, ਸਤਿਗੁਰੂ ਜੀ ਨੇ ਸ੍ਰ. ਸੁੰਦਰ ਸਿੰਘ ਦੀ ਇੱਛਾ ਦਾ ਸਤਿਕਾਰ ਕੀਤਾ। ਸ੍ਰੀ ਭੈਣੀ ਸਾਹਿਬ ਆਕੇ ਸਤਿਗੁਰੂ ਜੀ ਨੇ ਮਾਤਾ ਜੀਵਨ ਕੌਰ ਜੀ ਨੂੰ ਇਹ ਵਾਰਤਾ ਦੱਸੀ। ਮਾਤਾ ਜੀ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਪਰਵਾਨਗੀ ਮਿਲ ਗਈ। ਉਧਰ ਇਸ ਘਟਨਾ ਤੋਂ ਛੇਤੀ ਬਾਅਦ ਸ੍ਰ. ਸੁੰਦਰ ਸਿੰਘ ਜੀ ਤਾਂ ਅਕਾਲ ਚਲਾਣਾ ਕਰ ਗਏ। ਉਹ ਅੰਤਿਮ ਸਮੇਂ ਵੱਡੇ ਭਾਈ ਨੰਬਰਦਾਰ ਸੱਦਾ ਸਿੰਘ ਦੇ ਰਵੱਈਏ ਤੋਂ ਚਿੰਤਤ ਸਨ, ਜਿਹੜਾ ਜਾਤ ਬਿਰਾਦਰੀ ਦਾ ਝੱਜੂ ਪਾ ਕੇ, ਇਸ ਰਿਸ਼ਤੇ ਦੇ ਵਿਰੋਧ ਵਿਚ ਖੜਾ ਹੋ ਗਿਆ ਸੀ।

ਨੰਬਰਦਾਰ ਸੱਦਾ ਸਿੰਘ ਬਹੁਤ ਉੱਚੀਆਂ ਹਵਾਵਾਂ ਵਿਚ ਉੱਡ ਰਿਹਾ ਸੀ। ਉਸ ਦੇ ਨਾਲ ਅਮਰ ਸਿੰਘ ਝੋਰੜ ਵਰਗੇ, ਜਾਤ ਬਿਰਾਦਰੀ ਦੇ ਸਮਰਥਕ ਰਲ ਗਏ ਸਨ। ਇਲਾਕੇ ਵਿੱਚ ਆਪਣੇ ਮੇਲੀਆਂ ਨੂੰ ਡਰਾਉਣ ਲੱਗ ਪਿਆ। ਸ੍ਰ. ਕਿਰਪਾਲ ਸਿੰਘ ਦੀ ਸਿਹਤ ਠੀਕ ਨਹੀਂ ਸੀ, ਛੋਟੇ ਸਭ ਤੋਂ ਨਾਹਰ ਸਿੰਘ ਅਜੇ ਅਲੂੰਏ ਜਿਹੇ ਸਨ। ਮਾਤਾ ਰਾਮ ਕੌਰ ਨੇ ਤਿੰਨਾਂ ਪੁੱਤਰਾਂ ਅਤੇ ਵਿਆਹੀ ਪੁੱਤਰੀ ਬੀਬੀ ਹਰਨਾਮ ਕੌਰ ਨਾਲ ਸਲਾਹ ਮਸ਼ਵਰਾ ਕਰਕੇ ਫ਼ੈਸਲਾ ਕੀਤਾ ਕਿ ਅਸਾਂ ਸ੍ਰ. ਸੁੰਦਰ ਸਿੰਘ ਹੁਰਾਂ ਦਾ ਕੀਤਾ ਬਚਨ ਹਰ ਹਾਲਤ ਵਿਚ ਤੋੜ ਨਿਭਾਹੁਣਾ ਹੈ।ਮਾਤਾ ਰਾਮ ਕੌਰ ਦਲੇਰ ਸੁਭਾਉ ਅਤੇ ਪੱਕੇ ਇਰਾਦੇ ਵਾਲੀ ਔਰਤ ਸੀ।ਕਮਜ਼ੋਰ ਇਰਾਦੇ ਵਾਲੇ ਲੋਕ ਤਾਂ ਉਹਨਾਂ ਵੇਲਿਆਂ ਵਿੱਚ ਕੂਕਾ ਰਹੁ-ਰੀਤ ਨਿਬਾਹ ਹੀ ਨਹੀਂ ਸਕਦੇ ਸਨ। ਭੂਰਿਆਂ ਦੇ ਬਸਤਰਾਂ ਦੀ ਸੋਧ ਮਰਿਆਦਾ ਸੀ। ਚਾਰ-ਪੰਜ ਕੋਹ ਪੈਂਡਾ ਰੋਜ ਜਾਣਾ ਤੇ ਸਿਰ ਤੇ ਦੋ ਦੋ ਘੜੇ ਚੱਕ ਕੇ, ਮਿੱਠੇ ਪਾਣੀ ਵਾਲੇ ਖੂਹ ਤੋਂ ਲੈਕੇ ਆਉਣੇ। ਜੇ ਕਦੇ ਹਨ੍ਹੇਰੀ ਆ ਜਾਏ ਤਾਂ ਦੂਜੇ ਪਿੰਡ ਪਹੁੰਚ ਜਾਣਾ, ਪਰ ਆਫਰੀਨ ਕਿਸੇ ਨੂੰ ਸਿਰ ਤੋਂ ਘੜੇ ਨਹੀਂ ਲਾਹੁਣ ਦੇਣੇ, ਰਾਹ ਪੁੱਛਕੇ, ਪਿੰਡ ਦੇ ਰਾਹ ਪੈ ਜਾਣਾ। ਮਾਤਾ ਰਾਮ ਕੌਰ ਦੇ ਸਾਰੇ ਬੱਚਿਆਂ ਨੇ ਇਸ ਅਨੰਦ ਕਾਰਜ਼ ਦੀ ਹਾਮੀ ਭਰੀ। ਸ੍ਰੀ ਭੈਣੀ ਸਾਹਿਬ ਮਾਤਾ ਜੀਵਨ ਕੌਰ ਜੀ ਪਾਸ 13 ਪੋਹ 1971 ਬਿਕਰਮੀ ਮੁਤਾਬਿਕ 27 ਦਸੰਬਰ 1914 ਈ. ਨੂੰ ਇਹ ਅਨੰਦ ਕਾਰਜ, ਗੁਰੂ ਸਰ (ਫਿਰੋਜ਼ਪੁਰ) ਵਿਖੇ ਕਰਨ ਦੀ ਪੱਤ੍ਰਿਕਾ ਭੇਜ ਦਿੱਤੀ।

ਸ੍ਰੀ ਸਤਿਗੁਰੂ ਜੀ ਨੇ ਭਾਈ ਮੱਲ ਸਿੰਘ ਠੇਠਰਕੇ (ਗੁਰਦਾਸਪੁਰ) ਬਾਬਾ ਜਵੰਦ ਸਿੰਘ "ਜਿੰਦਾ ਸ਼ਹੀਦ" (ਖਿਯਾਲਾ-ਅੰਮ੍ਰਿਤਸਰ) ਅਤੇ ਸੰਤ ਕਰਮ ਸਿੰਘ ਜੀ ਹਿੰਮਤਪੁਰਾ (ਮੋਗਾ-ਫਿਰੋਜ਼ਪੁਰ) ਆਦਿ ਸੂਰਬੀਰ ਸਿੰਘਾਂ ਨੂੰ, ਲਾਂਗਰੀਆਂ ਅਤੇ ਕੀਰਤਨੀਆਂ ਦੇ ਜਥੇ, ਅਗਾਊਂ ਗੁਰੂ ਸਰ ਭੇਜ ਦਿੱਤੇ ਸਨ। ਜਿਉਂ ਹੀ ਮਾਤਾ ਜੀ ਦੇ ਤਾਇਆ ਜੀ ਨੂੰ ਇਹਨਾਂ ਸਿੰਘਾਂ ਦੇ ਵੱਡੀ ਗਿਣਤੀ (ਵਿਚ ਪਿੰਡ ਆਉਣ ਦਾ ਪਤਾ ਲੱਗਾ ਉਹ ਵੇਲਾ ਵਿਚਾਰ ਕੇ, ਆਪਣਾ ਸਾਜ ਸਮਾਨ ਗੱਡਿਆਂ ਤੇ ਲੱਦ ਕੇ, ਦੋ ਚਾਰ ਦਿਨ ਪਿੰਡੋਂ ਪਾਸੇ ਜਾ ਰਹੇ। ਸ੍ਰੀ ਸਤਿਗੁਰੂ ਜੀ, ਗੁਰੂ ਪਰਿਵਾਰ ਅਤੇ ਸਾਰੇ ਪੰਜਾਬ ਦੀਆਂ ਮੁੱਖੀ ਸੰਗਤਾਂ, ਬਠਿੰਡੇ ਜੰਕਸ਼ਨ 12 ਪੋਹ ਤੱਕ ਪੁੱਜ ਗਈਆਂ। ਇੱਥੋਂ ਬਹਾਵਲਪੁਰ ਨੂੰ ਜਾਣ ਵਾਲੀ ਰੇਲਵੇ ਲਾਇਨ ਤੇ ਪੱਕੀ ਦਾ ਸਟੇਸ਼ਨ ਸੀ। ਉਥੇ ਸਾਰੇ ਇਲਾਕੇ ਦੇ ਰੱਥ, ਬੈਲ ਗੱਡੀਆਂ, ਗੜਬਹਿਲਾਂ, ਗੱਡੇ, ਊਠ, ਘੋੜੇ, ਘੋੜੀਆਂ ਆਦਿ ਸੈਕੜਿਆਂ ਦੀ ਗਿਣਤੀ ਵਿੱਚ ਆਈਆਂ ਸਨ। ਸਾਜਾਂ ਸਮੇਤ ਪਰਚਾਰਕ, ਜਥੇਦਾਰ, ਸਵਾਰੀਆਂ ਉਪਰ, ਦੀਵਾਨ ਲਾਉਂਦੇ, ਗੁਰੂ ਸਰ ਪੁੱਜ ਗਏ। ਸੁਆਗਤ ਸਤਿਕਾਰ ਬਾਅਦ ਸਭ ਦੇ ਡੇਰੇ ਲੱਗ ਗਏ। ਅਗਲੇ ਦਿਨ ਅੰਮ੍ਰਿਤ ਵੇਲੇ, ਆਸਾ ਦੀ ਵਾਰ ਲੱਗੀ ਅਤੇ ਵਾਰ ਦੇ ਭੋਗ ਬਾਅਦ ਹਵਨ ਹੋ ਕੇ ਅਨੰਦ ਕਾਰਜ ਹੋ ਗਿਆ। ਪਾਠਾਂ ਦੇ ਭੋਗਾਂ ਤੋਂ ਬਾਅਦ ਲੰਗਰ ਪਾਣੀ ਛਕਕੇ, ਸੰਗਤ ਵਾਪਸ ਚੱਲ ਪਈ। ਸ੍ਰੀ ਭੈਣੀ ਸਾਹਿਬ ਜਾਕੇ ਮਾਤਾ ਜੀਵਨ ਕੌਰ ਜੀ ਨੇ ਗੁਰੂਵਾਕ ਲੈਣ ਬਾਅਦ ਬੀਬੀ ਵੀਰੋ ਜੀ ਦਾ ਨਾਮ ਭੁਪਿੰਦਰ ਕੌਰ ਰੱਖ ਦਿੱਤਾ। ਇਸ ਤੋਂ ਪਹਿਲਾਂ ਅੱਸੂ ਦੇ ਮਹੀਨੇ ਲਾਹੌਰ ਸ਼ਹਿਰ ਵਿੱਚ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲੇ ਦੀ ਸਪੁੱਤਰੀ ਸਤਵੰਤ ਕੌਰ ਜੀ ਨਾਲ ਮਹਾਰਾਜ

ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਹੋ ਗਿਆ ਸੀ। ਗੁਰੂ ਪਰਿਵਾਰ ਵਿੱਚ 1914 ਈ. ਦੇ ਸਾਲ ਵਿੱਚ ਹੀ ਬੇਬੇ ਸਤਵੰਤ ਕੌਰ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦਾ ਪਰਵੇਸ਼ ਹੋਇਆ। ਮਾਤਾ ਜੀਵਨ ਕੌਰ ਜੀ ਨੂੰ ਸਮੂਹ ਪਿੰਡ ਸ੍ਰੀ ਭੈਣੀ ਸਾਹਿਬ, ਆਂਢ ਗੁਆਂਢ ਦੇ ਪਿੰਡਾਂ ਅਤੇ ਸੰਗਤ ਵੱਲੋਂ ਕਈ ਦਿਨ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਰਿਹਾ। ਆਏ ਅਭਿਆਗਤਾ ਦੀ ਜਲ ਪਰਸ਼ਾਦੇ ਦੀ ਭਰਪੂਰ ਸੇਵਾ ਤਾਂ ਹੋਣੀ ਸੀ ਬੇਸ਼ੱਕ ਗੁਰੂ ਘਰ ਵਿਚ, ਕਿਸੇ ਵੀ ਸਥਿਤੀ ਸਮੇਂ ਗੁਰ-ਮਰਿਯਾਦਾ ਅਨੁਸਾਰ, ਸਮ ਬਿਰਤੀ ਵਿਚ ਹੀ ਵਿਚਰਿਆ ਜਾਂਦਾ ਸੀ। ਅਨੰਦ ਕਾਰਜ ਸਮੇਂ, ਸ੍ਰੀ ਭੈਣੀ ਸਾਹਿਬ ਆਉਣ ਬਾਅਦ, ਮਾਤਾ ਜੀ ਪੂਰੇ ਚਾਰ ਮਹੀਨੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਸਤਿਗੁਰੂ ਜੀ ਅਤੇ ਸੰਗਤ ਦੇ ਦਰਸ਼ਨ ਮੇਲੇ ਕਰਦਿਆਂ, ਗੁਰੂ ਘਰ ਦੀ ਸੇਵਾ ਕਰਦਿਆਂ, ਬਤੀਤ ਕੀਤੇ। ਸੰਨ 1915 ਈ. ਦਾ ਨਾਮਧਾਰੀ ਪੰਥ ਦਾ ਸਾਲਾਨਾ ਹੋਲਾ ਮਹੱਲਾ, ਮਾਝੇ ਦੇ ਮਸ਼ਹੂਰ ਪਿੰਡ ਵਲਟੋਹੇ ਵਿਖੇ ਮਨਾਇਆ ਗਿਆ ਸੀ। ਇਸ ਪਿੰਡ ਦਾ ਗੁਰੂ ਹਰੀ ਸਿੰਘ ਜੀ ਦਾ ਸਿਦਕੀ ਸਿੱਖ, ਸੌਂਚੀ ਦਾ ਖਿਡਾਰੀ ਅਤੇ ਭੀਮ ਬਲੀ ਬਾਬਾ ਫਤੇਹ ਸਿੰਘ ਪਹਿਲਵਾਨ, ਦੂਰ-ਦੂਰ ਤੱਕ ਜਾਣਿਆ ਜਾਂਦਾ ਸੀ ਜਿਸ ਨੇ ਇੱਕ ਵੇਰ ਲਾਹੌਰ ਦੇ ਕਿਲ੍ਹੇ ਅੱਗੇ ਪਈ, ਬਹੁਤ ਵਜਨੀ ਭੰਗੀਆਂ ਵਾਲੀ ਤੋਪ ਚੁੱਕ ਲਈ ਸੀ। ਇਸ ਹੋਲੇ-ਮਹੱਲੇ ਵਿੱਚ, ਆਪਣੀ ਦਰਾਣੀ ਸਮੇਤ, ਸਾਧ ਸੰਗਤ ਦਾ ਦਰਸ਼ਨ ਮੇਲਾ ਕਰਕੇ ਹੀ ਮਾਤਾ ਜੀ ਭੈਣੀ ਸਾਹਿਬ ਤੋਂ ਵਾਪਸ ਗੁਰੂ ਸਰ ਗਏ।

ਅੰਬਾਂ ਦੇ ਮੌਸਮ ਵਿਚ ਇਸੇ ਸਾਲ ਸਤਿਗੁਰੂ ਪਰਤਾਪ ਸਿੰਘ ਜੀ ਦਾ ਮੈਨ ਦੁਆਬ ਦਾ ਦੌਰਾ ਸੀ। ਬਾਬਾ ਵੀਰ ਸਿੰਘ ਚੁੰਨੀ ਵਾਲੇ ਅਰਜ਼ ਕੀਤੀ, ਦੌਰੇ ਨਾਲ ਮਾਤਾ ਜੀ ਵੀ ਆਉਣ ਸੋ ਮਾਤਾ ਜੀਵਨ ਕੌਰ ਜੀ ਦੇ ਨਾਲ ਹੀ ਮਾਤਾ ਭੁਪਿੰਦਰ ਕੌਰ ਜੀ ਵੀ, ਭੈਣੀ ਸਾਹਿਬ ਤੋਂ ਸਿੱਧੇ ਚੁੰਨ੍ਹੀ ਪੁੱਜ ਗਏ ਸਨ। ਕੋਈ ਇੱਕ ਸਪਤਾਹ, ਅੱਧ ਹਾੜ 1972 ਬਿਕਰਮੀ ਤੋਂ ਬਾਅਦ ਸਤਿਗੁਰੂ ਜੀ ਚੁੰਨੀ ਵਿਖੇ ਹੀ ਟਿਕੇ। ਦੁਪਿਹਰੇ ਅੰਬਾਂ ਦੀ ਛਾਂਵੇ ਦੀਵਾਨ ਲੱਗ ਜਾਂਦਾ। ਜਦੋਂ ਸਤਿਗੁਰੂ ਜੀ ਅਗਲੇ ਪਿੰਡਾਂ ਨੂੰ ਚੱਲੇ ਤਾਂ ਦੋਵੇਂ ਮਾਤਾਵਾਂ ਭੈਣੀ ਸਾਹਿਬ ਮੁੜ ਗਈਆਂ। ਮਾਤਾ ਜੀ ਨੇ ਅਨੰਦ ਕਾਰਜ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਆਉਂਦਿਆਂ ਹੀ, ਬਹੁਕਰ ਬੁਹਾਰੀ ਅਤੇ ਲੰਗਰ ਦੇ ਬਰਤਨ ਸਾਫ਼ ਕਰਨ ਦੀ ਸੇਵਾ ਬੜੇ ਪ੍ਰੇਮ ਨਾਲ ਨਿਭਾਉਣੀ ਸ਼ੁਰੂ ਕਰ ਦਿੱਤੀ। ਉਹਨਾਂ ਵਿੱਚ ਇਹ ਅਭਿਮਾਨ ਕਦੇ ਰੰਚਕ ਮਾਤਰ ਵੀ ਨਹੀਂ ਸੀ ਕਿ ਉਹ ਵੱਡੇ ਘਰ ਦੇ ਜਾਏ ਸਨ ਅਤੇ ਗੁਰੂ ਪਰਿਵਾਰ ਦੇ ਜੀਅ ਸਨ। ਉਹ ਆਪਣੇ ਆਪ ਨੂੰ ਗੁਰੂ ਕੀ ਸੰਗਤ ਦੇ ਇੱਕ ਨਿਮਾਣੇ ਸੇਵਕ ਜਿਉਂ ਸਮਝਕੇ ਅਤੇ ਵਿਚਰਕੇ, ਅਨੰਦਿਤ ਹੁੰਦੇ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਚੁਮਾਸੇ ਦੀ ਰੁੱਤ ਵਿਚ ਆਪਣਾ ਚਾਲੀ ਦਿਨਾਂ ਜਪ ਪ੍ਰਯੋਗ ਨਹਿਰ 'ਤੇ ਕਰਦੇ ਸਨ। ਚਾਲ੍ਹੀਏ ਤੋਂ ਪਹਿਲਾਂ ਵੀ ਨਹਿਰ 'ਤੇ ਡੇਰਾ ਰੱਖਦੇ ਸਨ। ਬਾਬਾ ਸੰਤਾ ਸਿੰਘ ਘੁੱਕੇਵਾਲੀਏ ਨੇ ਅਰਜ਼ ਕੀਤੀ 10 ਵੈਸਾਖ 1973 ਬ੍ਰਿ. ਨੂੰ ਕਿ ਸੱਚੇ ਪਾਤਸ਼ਾਹ ਜੀ ਬੀਬੀ ਜੀ(ਮਾਤਾ ਭੁਪਿੰਦਰ ਕੌਰ ਜੀ) ਇਥੇ ਨਹਿਰ ਵਾਲੇ ਡੇਰੇ 'ਤੇ ਆਉਂਣਾ ਚਾਹੁੰਦੇ ਹਨ। ਸਤਿਗੁਰੂ ਜੀ ਨੇ ਕਿਹਾ ਕਿ ਉਹਨਾਂ ਪਾਸ ਇਥੇ ਇਕ ਛੱਪਰ ਹੈ ਜਿਸ ਵਿਚ ਘੋੜੇ ਤੇ ਕੱਟੇ ਵੱਛੇ ਵੀ ਬੱਝਦੇ ਹਨ। ਛਿੱਟਕਣੀ ਤੋਂ ਮੇਰਾ ਤੇ ਮੇਰੇ ਸਾਥੀਆਂ, ਭਾਈ ਵਜੀਰ ਸਿੰਘ, ਭਾਈ ਗੁਰਮੁਖ ਸਿੰਘ (ਝੱਬਰ) ਤੇ ਹੋਰ ਮਾਲ ਡੰਗਰ ਘੋੜਿਆਂ ਵਾਲਿਆਂ ਦਾ ਡੇਰਾ ਵੀ ਉਥੇ ਹੀ। ਉਹਨਾਂ ਨੂੰ ਬਹਾਉਗੇ ਕਿਥੇ? ਬਾਬਾ ਜੀ ਨੇ ਕਿਹਾ ਕਿ ਇਹ ਪ੍ਰਬੰਧ ਅਸੀਂ ਕਰ ਲੈਂਦੇ ਹਾਂ। ਬਾਬਾ ਜੀ ਨੇ ਕਹੀ ਪਕੜ ਕੇ, ਸੁਹੇਲ ਸਿੰਘ ਬਿਲਗਾ, ਸਾਧੂ ਸਿੰਘ ਰਵੀਦਾਸੀਆ ਤੇ ਇਕ ਮਜ਼ਬੀ ਨਿਹੰਗ ਸਿੰਘ ਨੂੰ ਲੈ ਕੇ, ਸੱਤਾਂ ਅੱਠਾਂ ਦਿਨਾਂ ਵਿੱਚ ਵੀਹ ਪੰਝੀ ਹਜ਼ਾਰ ਕੱਚੀ ਇੱਟ ਪੱਥ ਲਈ। ਇੱਕ ਕਾਰੀਗਰ ਸਿੰਘ ਨੇ ਕਾਠ ਤਿਆਰ ਕਰ ਲਿਆ। ਇਸ ਤਰ੍ਹਾਂ ਮਕਾਨ ਤਿਆਰ ਹੋ ਗਿਆ, ਜੇਠ ਦਾ ਮਹੀਨਾ ਚੜ੍ਹਦਿਆਂ ਤੱਕ। ਲਿੱਪਣ ਪੋਚਣ ਬਾਅਦ, ਮਾਤਾ ਭੂਪਿੰਦਰ ਕੌਰ ਜੀ ਦਾ ਡੇਰਾ ਇਥੇ 1916 ਈ. ਵਿਚ ਲੱਗ ਗਿਆ। ਬੇਬੇ ਦਿਆਂਲਾਂ ਪਿੰਡ ਵਰਨ (ਸ਼ੇਖੂਪੁਰਾ) ਮਾਤਾ ਜੀ ਦੀ ਸੇਵਿਕਾ ਸੀ। ਦੁਸ਼ਿਹਰੇ ਤੱਕ ਮਾਤਾ ਜੀ ਇਥੇ ਹੀ ਰਹੇ ਫਿਰ ਭੈਣੀ ਸਾਹਿਬ ਗਏ।

1919 ਈ. ਦਾ ਹੋਲਾ ਮਹੱਲਾ ਪ੍ਰਸਿੱਧ ਇਤਿਹਾਸਕ ਨਗਰੀ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ ਸੀ। ਇਸ ਹੋਲੇ ਸਮੇਂ ਅਤੇ ਇਸ ਤੋਂ ਪਹਿਲਾਂ ਚੂਹੇਝਾੜ ਦੇ ਹੋਲੇ ਮਹੱਲੇ 'ਤੇ ਵੀ ਮਾਤਾ ਭੁਪਿੰਦਰ ਕੌਰ ਜੀ ਆਪਣੀ ਸੱਸ, ਮਾਤਾ ਜੀਵਨ ਕੌਰ ਜੀ ਅਤੇ ਦਰਾਣੀ ਬੀਬੀ ਸਤਵੰਤ ਕੌਰ ਨਾਲ, ਭਾਗ ਲਿਆ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸੰਤ ਉੱਤਮ ਸਿੰਘ ਜੀ (ਗੁਰੂ-ਪੀਰ) ਕਾਲੋਕੇ ਸ਼ੇਖੂਪੁਰਾ ਦੀ ਭੈਣ ਬੀਬੀ ਈਸ਼ਰ ਕੌਰ ਵੀ ਕਦੇ ਕਦੇ ਮਾਤਾ ਭੁਪਿੰਦਰ ਕੌਰ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੀ। ਸੰਨ 1918 ਈ: ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾਂ ਹੁਕਮ ਸੱਤ ਹੋ ਗਈ। ਚੂਹੇ ਝਾੜ ਦੇ ਹੋਲੇ ਤੋਂ ਆ ਕੇ ਪਹਿਲੀ ਵੈਸਾਖ ਵਾਲੇ ਦਿਨ ਬੀਬੀ ਨਮਿੱਤ ਪਾਠਾਂ ਦੇ ਭੋਗ ਅਤੇ ਮੇਲਾ ਹੋਇਆ। ਮਾਤਾ ਭੁਪਿੰਦਰ ਕੌਰ ਜੀ ਨੇ ਆਪਣੀ ਨਨਾਣ ਨਮਿੱਤ ਹੋਏ ਇਸ ਮੇਲੇ ਵਿਚ ਹਰ ਤਰ੍ਹਾਂ ਦੀ ਸੇਵਾ ਵਿਚ ਹਿੱਸਾ ਲਿਆ। 1919 ਈ: ਨੂੰ ਸਤਿਗੁਰੂ ਜੀ ਦੇ ਨਹਿਰ 'ਤੇ ਚਾਲੀ ਰੋਜ਼ਾ ਜੱਪ ਪ੍ਰਯੋਗ ਤੋਂ ਪਹਿਲਾਂ ਮਾਤਾ ਭੂਪਿੰਦਰ ਕੌਰ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਉਹ ਮਾਈਆਂ ਬੀਬੀਆਂ ਸਮੇਤ ਚਾਲੀ ਦਿਨ ਆਪਣਾ ਵੱਖਰਾ ਜੱਪ ਪ੍ਰਯੋਗ ਨਹਿਰ ਵਾਲੇ ਡੇਰੇ 'ਤੇ ਹੀ ਕਰਨਾ ਚਾਹੁੰਦੇ ਹਨ, ਆਗਿਆ ਦਿਓ। ਸਤਿਗੁਰੂ ਜੀ ਨੇ ਪਹਿਲਾਂ ਤਾਂ ਜਨਾਨੇ ਸਰੀਰਾਂ ਦੀਆਂ ਮੁਸ਼ਕਿਲਾ ਗਿਣਾਈਆਂ ਪਰ ਫੇਰ ਮਾਤਾ ਜੀ ਦੇ ਇਸਰਾਰ ਕਰਨ ਤੇ ਆਗਿਆ ਦੇ ਦਿੱਤੀ। ਭੈਣੀ ਸਾਹਿਬੋਂ ਕਈ ਬੀਬੀਆਂ ਆਈਆਂ। ਮਾਤਾ ਜੀ ਨੇ ਆਪਣੀ ਵੱਖਰੀ ਕੱਖਾਂ ਦੀ ਕੁੱਲੀ ਵਿਚ ਅਰਦਾਸ ਕਰ ਪ੍ਰਯੋਗ ਆਰੰਭ

ਕੀਤਾ। ਇਸ ਸਮੇਂ ਬੀਬੀ ਈਸ਼ਰ ਕੌਰ ਹੀ ਆਪ ਜੀ ਦੀ ਸੇਵਿਕਾ ਸੀ। ਸਤਿਗੁਰੂ ਜੀ ਦੇ ਜਪ ਪ੍ਰਯੋਗ ਦੇ ਭੋਗ ਨਾਲ ਹੀ ਭੋਗ ਪਾਇਆ ਸੀ। ਇਉਂ ਮਾਤਾ ਭੂਪਿੰਦਰ ਕੌਰ ਜੀ ਨੇ ਜੱਪ ਪ੍ਰਯੋਗ ਵਿਚ ਹੀ ਭਾਗ ਲੈ ਕੇ ਸਿਮਰਨ ਬੰਦਗੀ ਦੇ ਨਾਮਧਾਰੀ ਮਾਈਆਂ ਦੇ ਅਧਿਕਾਰ ਦੀ, ਪ੍ਰਯੋਗ ਵਰਨੀ ਦੀ, ਸਤਿਗੁਰੂ ਜੀ ਤੋਂ ਪੁਸ਼ਟੀ ਕਰਵਾ ਕੇ, ਇਕ ਵੱਡਾ ਉਪਕਾਰ ਨਾਮਧਾਰੀ ਬੀਬੀਆਂ 'ਤੇ ਕੀਤਾ।

ਕੱਤਕ ਸੁਦੀ ਤਰੋਸਦੀ 8 ਮੱਘਰ ਸੋਮਵਾਰ 1977 ਬਿਕ੍ਰਮੀਂ ਮੁਤਾਬਿਕ 22 ਨਵੰਬਰ 1920 ਈ: ਨੂੰ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਿਹ ਵਿਖੇ, ਅੰਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ ਵੱਡੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਪ੍ਰਗਟ ਹੋਏ। ਮਾਤਾ ਰਾਮ ਕੌਰ ਜੀ (ਨਾਨੀ ਜੀ) ਨੇ ਕੰਨ ਵਿਚ ਭਜਨ ਦੱਸ ਕੇ ਸਾਹਿਬਜ਼ਾਦੇ ਨੂੰ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਕਹਿ ਕੇ ਗੁੜ ਦੀ ਗੁੜ੍ਹਤੀ ਦਿੱਤੀ। ਸੰਗਤ ਨੂੰ ਬੇਅੰਤ ਖੁਸ਼ੀਆਂ ਹੋਈਆਂ ਤੇ ਸਾਹਿਬਜ਼ਾਦੇ ਦਾ ਨਾਮ 'ਬੇਅੰਤ ਜੀ' ਰੱਖ ਦਿਤਾ।25 ਦਿਨਾਂ ਬਾਅਦ ਰਾਮਸਰ ਵਿਚੋਂ ਮਾਤਾ ਜੀ ਅਤੇ ਬਾਲਕ ਦਾ ਇਸ਼ਨਾਨ ਕਰਵਾ ਕੇ, ਅੰਮ੍ਰਿਤ ਦੋਹਾਂ ਨੂੰ ਸੰਤ ਆਲਾ ਸਿੰਘ ਜੀ ਨੇ ਛਕਾਇਆ ਅਤੇ ਸਾਹਿਬਜ਼ਾਦੇ ਨੂੰ ਭਜਨ ਦਿੱਤਾ। ਸਾਹਿਬਜ਼ਾਦੇ ਦੇ ਆਗਮਨ ਦੀ ਖ਼ਬਰ ਸਤਿਗੁਰੂ ਜੀ ਨੂੰ ਤਾਰ ਦੁਆਰਾ ਨਨਕਾਣਾ ਸਾਹਿਬ ਵਿਖੇ ਲਿਖ ਭੇਜੀ।

1977 ਬਿਕ੍ਰਮੀਂ ਮੁਤਾਬਿਕ 1921 ਈ: ਦੇ ਹੋਲੇ ਮਹੱਲੇ ਦੇ ਮੇਲੇ 'ਤੇ ਮੁਕਤਸਰ ਮਾਤਾ ਜੀ ਸਾਹਿਬਜ਼ਾਦੇ ਨੂੰ ਪਹਿਲੀ ਵੇਰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਲੈ ਕੇ ਗਏ। ਗੁਰਮੁਖ ਸਿੰਘ ਝੱਬਰ ਨੂੰ ਸਾਹਿਬਜ਼ਾਦਾ ਪਕੜਾ ਕੇ ਮਾਤਾ ਜੀ ਕਿਹਾ ਕਿ ਸਾਧ ਸੰਗਤ ਦੇ ਦਰਸ਼ਨ ਕਰਵਾ ਲਿਆਓ। ਉਹ ਇਹਨਾਂ ਨੂੰ ਘੋੜਿਆਂ ਵਾਲੇ ਸਿੰਘਾਂ ਤੇ ਹੋਰ ਸਾਧੂ ਸੰਤਾਂ ਵਿਚ ਘੁੰਮਾਂ ਫਿਰਾ ਲਿਆਏ। ਇਸ ਸਮੇਂ ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਤੋਂ ਵਰੋਸਾਏ ਸੰਤ ਕੇਸਰ ਸਿੰਘ ਜੀ ਮਜਾਧ (ਸਿਆਲਕੋਟ) ਮਾਤਾ ਭੁਪਿੰਦਰ ਕੌਰ ਜੀ ਦੀ ਸੇਵਾ ਵਿਚ ਸਨ। ਸਾਹਿਬਜ਼ਾਦੇ ਬੇਅੰਤ ਜੀ ਦੀ ਸੇਵਾ ਵਿਚ ਵੀ ਢਾਈ ਤੋਂ ਚਾਰ ਸਾਲ ਦੀ ਉਮਰ ਤੱਕ ਉਹਨਾਂ ਨੇ ਕੀਤੀ ਸੀ ਅਤੇ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਚਾਰ ਸਾਲ ਤੋਂ ਗਿਆਰਾਂ ਸਾਲ ਦੀ ਉਮਰ ਤੱਕ ਬੇਅੰਤ ਜੀ ਦੀ ਸੇਵਾ ਵਿੱਚ ਜਥੇਦਾਰ ਗੁਰਮੁਖ ਸਿੰਘ ਜੀ ਝੱਬਰ ਰਹੇ ਸਨ। ਸੰਨ 1921 ਈ: ਦੇ ਨਿਮਾਣੀ ਇਕਾਦਸੀ ਦੇ ਮੇਲੇ ਤੇ ਨਾਭੇ ਵਾਲੇ ਮਹਾਰਾਜੇ ਰਿਪੁਦਮਨ ਸਿੰਘ ਦੇ ਘਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਗੇ ਅਰਦਾਸ ਕਰਨ ਸਦਕਾ ਜੋ ਸਾਹਿਬਜ਼ਾਦਾ ਪਰਤਾਪ ਸਿੰਘ ਇਸ ਤੋਂ ਪਹਿਲਾਂ ਜਨਮਿਆ ਸੀ, ਉਸ ਖੁਸ਼ੀ ਵਿਚ ਸੂਬਾ ਮਾਈ ਹੁਕਮੀ ਦੇ ਕਹਿਣ 'ਤੇ ਨਾਭੇ ਵਾਲੀ ਬੀੜ, ਇਕ ਰੋਲਜ਼ ਰਾਈਸ ਕਾਰ ਅਤੇ ਕੁਝ ਨਗ਼ਦੀ ਮਹਾਰਾਜੇ ਵੱਲੋਂ ਸਤਿਗੁਰੂ ਜੀ ਨੂੰ ਭੇਟਾ ਕੀਤੀ ਗਈ। ਸੰਨ 1921 ਈ. ਵਿਚ ਸਤਿਗੁਰੂ ਜੀ ਆਪਣਾ ਚਾਲ੍ਹੀਆ ਬੀੜ ਤੇ ਹੀ ਕੀਤਾ ਸੀ। ਇਸ ਸਾਲ ਉਹਨਾਂ ਦਿਵਾਲੀ ਤੇ ਅੰਮ੍ਰਿਤਸਰ ਜਾ ਕੱਤਕ ਦੀ ਪੁੰਨਿਆਂ ਤੇ ਨਨਕਾਣਾ ਸਾਹਿਬ ਜਾਣ ਦੀ ਥਾਂ, ਬੀੜ ਵਿਚ ਹੀ ਰਹਿ ਕੇ ਮੱਘਰ ਦੇ ਮਹੀਨੇ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸੱਤ ਅਖੰਡ ਪਾਠ ਖੋਹਲ ਦਿੱਤੇ ਸਨ। ਹਰ ਜ਼ਿਲੇ ਵਿਚੋਂ ਪੰਜ ਸੱਤ ਸਰੀਰ ਇਹਨਾਂ ਪਾਠਾਂ ਲਈ ਪੁੱਜੇ ਹੋਏ ਸਨ।1922 ਈ: ਦਾ ਹੋਲਾ ਮੱਹਲਾ ਸ੍ਰ ਆਤਮਾ ਸਿੰਘ ਜੀ ਹੋਰਾਂ ਨੇ ਰਾਵਲ ਪਿੰਡੀ ਵਿਖੇ ਕਰਵਾਇਆ ਸੀ। ਮਾਤਾ ਭੁਪਿੰਦਰ ਕੌਰ ਜੀ ਅਤੇ ਸਵਾ ਕੁ ਸਾਲ ਦੇ ਬੇਅੰਤ ਜੀ ਇਸ ਹੋਲੇ ਮਹੱਲੇ ਤੇ ਨਹੀਂ ਪੁੱਜੇ ਸੱਗੋਂ ਚੱਲ ਰਹੇ ਪਾਠਾਂ ਵਿਚ ਸੰਭਾਵਿਤ ਸਹਾਇਤਾ ਲਈ ਮਾਤਾ ਜੀ ਬੀੜ ਵਿਚ ਹੀ ਰਹੇ। ਮਾਤਾ ਜੀਵਨ ਕੌਰ ਜੀ ਪੋਤਰੇ ਅਤੇ ਨੂੰਹ ਨੂੰ ਹਮੇਸ਼ਾ ਆਪਣੀਆ ਅੱਖਾਂ ਅਗੇ ਸ੍ਰੀ ਭੈਣੀ ਸਾਹਿਬ ਰੱਖਣਾ ਚਾਹੁੰਦੇ ਸਨ। ਉਹਨਾਂ ਦੇ ਬੀੜ ਵਿਚ ਪੁੱਜਣ ਦੀ ਸਾਖੀ ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਵਾਲੀ ਪੁਸਤਕ 'ਅੱਖੀਂ ਡਿੱਠਾ ਕਿੱਸਾ ਕੀਤਾ' ਵਿਚ ਦਰਜ ਹੈ। ਸਤਿਗੁਰੂ ਸੱਚੇ ਪਾਤਸ਼ਾਹ ਅਖੰਡ ਪਾਠ ਸ਼ੁਰੂ ਕਰ ਦਿੱਤੇ ਬੀੜ ਵਿਚ। ਮਾਤਾ ਭੁਪਿੰਦਰ ਕੌਰ ਜੀ ਭੈਣੀ ਸਾਹਿਬ ਵਿਚ ਰਹਿੰਦੇ। ਬੀੜ ਵਿਚ ਘੋੜਿਆਂ ਵਾਲਿਆਂ ਅਰਜ਼ ਕਰਨੀ ਚਾਹੀ ਕਿ ਮਾਤਾ ਜੀ ਨੂੰ ਇਥੇ ਬੀੜ ਵਿਚ ਲਿਆਈਏ। ਬੇਅੰਤ ਜੀ ਨਾਲ ਖੇਡਿਆ ਕਰਾਂਗੇ। ਘੋੜਿਆਂ 'ਤੇ ਚੜ੍ਹਾਵਾਂਗੇ। ਸੰਤ ਮੋਹਨ ਸਿੰਘ ਸੰਤ ਬਹਾਦਰ ਸਿੰਘ ਜੀ ਨੂੰ ਨਾਲ ਲੈ ਕੇ ਅਰਜ਼ ਕੀਤੀ।.........

"ਸਤਿਗੁਰਾਂ ਇਹ ਸਾਰਾ ਸਿਆਲ (ਬੀੜ ਵਿਚ) ਢਾਬ ਦੇ ਕੰਢੇ ਹੀ ਕੱਟਿਆ। ਜਦੋਂ ਅਸੀਂ ਅਰਜ਼ ਬੇਅੰਤ ਜੀ ਨੂੰ ਲਿਆਉਣ ਦੀ ਕੀਤੀ। ਸਤਿਗੁਰੂ ਜੀ ਆਂਹਦੇ, ਗੁਰਮੁਖ, ਮੇਰੇ ਕੋਲ ਕੱਖਾਂ ਦੀ ਕੁੱਲੀ ਹੈ, ਤੇਰੇ ਕੋਲ ਪੱਕਾ ਕੋਠਾ ਹੈ, ਦੇਵੇਂਗਾ ਤਾਂ ਲੈ ਆ। ਵੇਖ ਲਉ, ਗੁਰੂ ਤਿਆਗੀ ਕਿੰਨਾ ਏ। ਮੈਂ ਕਿਹਾ ਜੀ, ਮੈਂ ਕੋਠਾਂ ਦਿਆਂਗਾ, ਆਂਹਦੇ ਲੈ ਆਉ, ਗੱਡੀ ਲੈ ਜਾਉ। ਮਾਤਾ ਜੀਉਣ ਕੌਰ ਜੀ ਨੇ ਆਉਣ ਨਹੀਂ ਦੇਣਾ। ਉਹ ਚਾਹੁੰਦੇ ਸਨ (ਸਤਿਗੁਰੂ ਜੀ) ਭੈਣੀ ਸਾਹਿਬ ਰਹਿਣ। ਮੈਂ ਕਿਹਾ, ਝੂਠ ਸੱਚ ਬੋਲ ਕੇ ਲੈ ਆਵਾਂਗੇ। ਮਾਤਾ ਜੀ ਨੂੰ ਜਾ ਕਿਹਾ, ਨਾਭਿਓਂ ਸਰਦਾਰ ਆਏ ਨੇ, ਦਰਸ਼ਨ ਕਰਨਾ ਚਾਹੁੰਦੇ ਨੇ ਤੁਹਾਡੇ ਤੇ ਸਾਹਿਬਜ਼ਾਦੇ ਜੀ ਦਾ। ਕਿਹਾ ਵੱਡੇ ਬਿਸਤਰੇ ਨਾ ਚੁੱਕਣ। ਇਸ ਤਰ੍ਹਾਂ ਮਾਤਾ ਜੀਊਣ ਕੌਰ ਜੀ ਨੂੰ ਆਉਣ ਬਾਰੇ ਸ਼ੱਕ ਹੋਣਾ ਸੀ। ਆਉਣ ਅਸਾਂ ਤੁਹਾਨੂੰ (ਉਥੋਂ) ਨਹੀਂ ਦੇਣਾ। ਮਾਤਾ ਜਿਊਣ ਕੌਰ ਜੀ ਇਕੋ ਰਾਤ ਦਾ ਵਾਅਦਾ ਕੀਤਾ।ਪਰ ਉਥੇ ਜਾ ਕੇ ਫਿਰ ਸ੍ਰੀ ਸਤਿਗੁਰੂ ਜੀ ਤੋਂ ਉਹਨਾਂ ਦੇ ਉਥੇ ਰਹਿਣ ਦੀ ਆਗਿਆ ਲੈ ਲਈ। ਬੇਅੰਤ ਜੀ ਪੌਣੇ ਕੁ ਮੀਲ ਤੇ ਖੂਹ ਸੀ ਕਦੇ ਏਦਰ ਕਦੇ ਓਧਰ। ਸਤਿਗੁਰੂ ਜੀ ਦੌਰੇ ਤੇ ਚਲੇ ਗਏ। ਬੀੜ ਦਾ ਪ੍ਰਬੰਧ ਬੇਬੇ ਜੀ ਨੂੰ ਸੌਂਪ ਗਏ।

ਬੇਬੇ ਭੁਪਿੰਦਰ ਕੌਰ ਜੀ ਨੇ ਹੁਕਮ ਮਾਤਾ ਜਿਊਣ ਕੌਰ ਜੀ ਦਾ ਬਹੁਤ ਮੰਨਿਆ ਏ। ਸਿਖ ਚਾਹੁੰਦੇ ਹਨ ਮਾਤਾ ਜੀ

ਬਿਰਧ ਹੋ ਗਏ ਹਨ ਹੁਣ ਘਿਉ ਬੇਬੇ ਜੀ ਵਰਤਾਉਣ। ਲਛਮਣ ਸਿੰਘ ਸਰਦਾਰ ਮੁਖ਼ਤਿਆਰ ਸੀ।(ਗ੍ਰੰਥ ਗੜ੍ਹ ਅੰਮ੍ਰਿਤਸਰ ਵਾਲਾ) ਉਹਨੇ ਘਿਉ ਦਾ ਤਾਂਬੀਆ ਭਰਾ ਕੇ ਰੱਖ ਦਿੱਤਾ ਅਤੇ ਬੇਬੇ ਭੁਪਿੰਦਰ ਕੌਰ ਜੀ ਵਰਤਾਣ ਲੱਗ ਪਏ ਪਰ ਜਦੋਂ ਹੀ ਮਾਤਾ ਜਿਊਣ ਕੌਰ ਜੀ ਆ ਗਏ, ਇਹ ਕਹਿ ਕੇ ਆਪਣੇ ਚੁਬਾਰੇ ਵਿਚ ਬੇਬੇ ਜੀ ਚਲੇ ਗਏ ਕਿ ਇਹ ਉਹਨਾਂ ਦਾ ਹੀ ਕੰਮ ਹੈ।"

1923 ਈ. ਦਾ ਹੋਲਾ ਮਹੱਲਾ ਢੋਟੀਆਂ (ਲਾਇਲਪੁਰ) ਵਿਖੇ ਮਾਤਾ ਜੀ ਨਹੀਂ ਪੁੱਜੇ। ਇਸ ਤੋਂ ਪਹਿਲਾਂ 1921 ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਆਨੰਦ ਕਾਰਜ ਸਮੇਂ ਆਪ ਜੀ ਲਾਹੌਰ ਪੁੱਜੇ ਸਨ। 1924 ਈ: ਦੇ ਬਿਜਲੀ ਵਾਲ (ਗੁਰਦਾਸਪੁਰ) ਦੇ ਹੋਲੇ ਮਹੱਲੇ ਸਮੇਂ ਮਾਤਾ ਭੁਪਿੰਦਰ ਕੌਰ ਜੀ ਨੂੰ ਦੋਹਾਂ ਦਰਾਨੀਆਂ ਬੇਬੇ ਸਤਵੰਤ ਕੌਰ ਅਤੇ ਬੇਬੇ ਕਰਤਾਰ ਕੌਰ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਸਮੇਤ ਸ਼ਾਮਲ ਹੋਏ ਸਨ। ਛੋਟੇ ਸਾਹਿਬਜ਼ਾਦੇ (ਮਹਾਰਾਜ ਬੀਰ ਸਿੰਘ) ਦਾ ਜਨਮ 2 ਕਤੱਕ 1980 ਬਿਕਰਮੀਂ ਮੁਤਾਬਿਕ 18 ਅਕਤੂਬਰ 1923 ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਇਆ। ਪਹਿਲੀ ਮੱਘਰ ਨੂੰ ਰਾਮਸਰ ਦੇ ਕੰਡੇ ਮਾਤਾ ਜੀ ਅਤੇ ਪੁੱਤਰ ਦਾ ਇਸ਼ਨਾਨ ਕਰਵਾ ਕੇ ਪੰਜਾਂ ਸਿੰਘਾਂ ਨੇ ਅੰਮ੍ਰਿਤ ਬਣਾ ਕੇ ਛਕਾਇਆ। ਇਕ ਸਾਧਾਰਨ ਪਾਠ ਦੇ ਭੋਗ ਬਾਅਦ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ। ਛੋਟੇ ਸਾਹਿਬਜ਼ਾਦੇ ਦੇ ਜਨਮ ਤੋਂ ਬਾਅਦ ਮਾਤਾ ਜੀ ਦੀ ਦੇਹ ਠੀਕ ਨਹੀਂ ਸੀ ਰਹਿੰਦੀ। ਇਸ ਲਈ ਉਹਨਾਂ ਨੂੰ ਮਾਤਾ ਜੀ ਦਾ ਦੁੱਧ ਬਹੁਤ ਘੱਟ ਪੀਣਾ ਮਿਲਿਆ। ਉਹਨਾਂ ਨੂੰ 'ਵੱਲਭ' ਜੀ ਕਹਿੰਦੇ ਸਨ ਅਤੇ ਉਹਨਾਂ ਨੂੰ ਬੱਕਰੀ ਦੇ ਦੁੱਧ ਨਾਲ ਪਾਲਿਆ ਗਿਆ।

ਮਹਾਰਾਜ ਬੀਰ ਸਿੰਘ ਜੀ ਦੇ ਜਨਮ ਤੋਂ ਪਹਿਲਾਂ 1923 ਈ: ਦੀਆਂ ਬਰਸਦੀਆਂ ਬਰਸਾਤਾਂ ਚੜ੍ਹਦਿਆਂ ਹੀ ਮਸਤਾਨ ਸਿੰਘ ਕਿਆਂਮਪੁਰ ਦੀ ਅਗਵਾਈ ਹੇਠ ਜੋ ਭੈਣੀ ਸਾਹਿਬ ਦਾ ਡੇਰੇ ਦਾ ਪ੍ਰਬੰਧਕ ਸੀ। ਮਾਤਾ ਭੁਪਿੰਦਰ ਕੌਰ ਜੀ, ਕੁੰਡਾ ਹਰਨਾਮ ਸਿੰਘ, ਦਰਜੀ ਭਗਵਾਨ ਸਿੰਘ ਅਤੇ ਮਸਤਾਨ ਸਿੰਘ ਦੀ ਮਾਤਾ ਖੇਮੀ ਅਤੇ ਸਿੰਘਣੀ ਗੁਰਦਿੱਤੀ, ਧਾਰਾ ਸਿੰਘ ਦੋਧੀ ਲਾਂਗਰੀ ਦੇ ਨਾਲ ਪਹਾੜਾਂ ਨੂੰ ਤੋਰਿਆ। ਇਹਨਾਂ ਦੇ ਮਗਰ ਹੀ ਗੁਰਮੁਖ ਸਿੰਘ ਝੱਬਰ ਅਤੇ ਵਰਿਆਮ ਸਿੰਘ ਦਾਹੜੀ ਨੂੰ ਵੀ ਤੋਰ ਦਿੱਤਾ। ਰਸਤੇ ਵਿਚ ਬੇਅੰਤ ਜੀ ਖੱਚਰ 'ਤੇ ਨਾ ਚੜ੍ਹਨ, ਪੌਣੇ ਤਿੰਨ ਕੁ ਸਾਲਾਂ ਦੇ ਸਨ। ਫਿਰ ਝੱਬਰ ਜੀ ਨੇ ਇਹਨਾਂ ਨੂੰ ਮੋਢਿਆਂ 'ਤੇ ਚੁੱਕ ਲਿਆ। ਰੋਪੜ, ਬਿਲਾਸਪੁਰ, ਚੰਦੀ ਪੁਰ ਪੜਾਅ ਕਰਦਿਆਂ ਸਕੇਤ ਪੁੱਜ ਗਏ।ਇਥੇ ਕੁਝ ਦਿਨ ਹੀ ਲੰਘੇ ਸਨ, ਸਕੇਤ ਰਹਿੰਦਿਆਂ ਭੋਗ ਪੁਰ ਬਾਜ਼ਾਰ ਲੰਘ ਕੇ ਕੁਝ ਪੈਲੀਆਂ ਦੀ ਵਾਟ 'ਤੇ ਇੱਕ ਬੰਗਲਾ ਸੀ, ਜਿੱਥੇ ਡੇਰਾ ਸੀ ਕਿ ਬਿਨਾਂ ਮਾਤਾ ਜੀ ਤੋਂ ਸਭ ਨੂੰ ਬੁਖਾਰ ਚੜ੍ਹਨ ਲੱਗ ਪਿਆ। ਪਹਿਲਾਂ ਮਾਈ ਖੇਮੀ, ਗੁਰਦਿੱਤੀ ਬਸਤਰ ਮਾਤਾ ਜੀ ਦੇ ਧੋਂਦੀਆਂ ਸਨ, ਉਹ ਵੀ ਤਾਪ ਦੇ ਕਾਬੂ ਆ ਗਈਆਂ। ਹੁਣ ਬੇਅੰਤ ਨੂੰ ਖਿਡਾਉਣ ਤੇ ਮਾਤਾ ਜੀ ਦੇ ਬਸਤਰ ਦੀ ਸੇਵਾ ਵੀ ਝੱਬਰ ਜੀ ਕਰਨ ਲੱਗੇ। ਬੇਅੰਤ ਜੀ ਵੀ ਬਿਮਾਰ ਹੋ ਗਏ। ਦੰਦਲਾਂ ਪੈਂਦੀਆਂ ਸਨ। ਮਾਤਾ ਜੀ ਦੀ ਉਂਗਲ ਉਹਨਾਂ ਦੇ ਦੰਦਾਂ ਚੋਂ ਛਡਾਉਣ ਲਈ ਪੱਖੀ ਦੀ ਡੰਡੀ ਅੜਾਉਣੀ ਪਈ। ਧਾਰਾ ਸਿੰਘ ਲਾਂਗਰੀ ਵੀ ਬਿਮਾਰ। ਵਰਿਆਮ ਸਿੰਘ ਗਾਂ ਚਾਰ ਲਿਆਏ ਤੇ ਝੱਬਰ ਜੀ ਲੰਗਰ ਸਮੇਤ ਬਾਕੀ ਕੰਮ। ਫਿਰ ਮਾਤਾ ਜੀ ਨੇ ਝੱਬਰ ਜੀ ਨੂੰ ਕਿਹਾ, ਹੋਰ ਕੋਈ ਜਾਣ ਵਾਲਾ ਨਹੀਂ, ਤੂੰ ਜਾ ਕੇ ਸਤਿਗੁਰੂ ਜੀ ਨੂੰ ਅਰਜ਼ ਕਰ ਕਿ ਸਾਨੂੰ ਵਾਪਸ ਬੁਲਾ ਲੈਣ।ਤੁਰਨ ਲਗਿਆਂ ਬੇਅੰਤ ਜੀ ਨੂੰ ਝਕਾਣੀ ਦੇ ਕੇ ਤੁਰਨਾ ਸੀ। ਉਸ ਤਰ੍ਹਾਂ ਉਹਨਾਂ ਜਾਣ ਨਹੀਂ ਸੀ ਦੇਣਾ। 22 ਭਾਦਰੋਂ 1980 ਬਿਕ੍ਰਮੀਂ ਨੂੰ ਉਥੋਂ ਤੁਰੇ। ਮਾਤਾ ਜੀ ਤੋਂ ਚਿੱਠੀ ਲਿਖਵਾ ਲਈ ਸਤਿਗੁਰੂ ਜੀ ਨੂੰ। ਤੁਰਦਿਆ ਚੌਦਾਂ ਪਹਿਰਾਂ ਬਾਅਦ ਬੀੜ ਵਿਚ ਪੁੱਜੇ। ਸਤਿਗੁਰੂ ਜੀ ਨੇ ਝੱਬਰ ਹੋਰਾਂ ਨੂੰ ਟਿਕਣ ਲਈ ਕਿਹਾ ਅਤੇ ਤਾਰ ਦੇ ਕੇ ਮਾਤਾ ਜੀ ਨੂੰ ਮੰਗਵਾ ਲਿਆ ਸਾਰੀ ਸੰਗਤ ਸਮੇਤ। ਬੇਅੰਤ ਜੀ ਤੇ ਬੇਬੇ ਜੀ ਪਾਲਕੀ ਵਿਚ ਰੋਪੜ ਆ ਗਏ, ਅਗੇ ਬੇੜੀ ਵਿਚ ਦੁਰਾਹੇ ਸਰਹਿੰਦ ਨਹਿਰ ਵਿਚ ਪੈਕੇ। ਫਿਰ ਦੁਰਾਹੇ ਤੋਂ ਗੱਡੀ ਚੜ੍ਹ ਕੇ ਬੀੜ ਵਿਚ ਪਹੁੰਚ ਗਏ।

ਮਾਤਾ ਭੁਪਿੰਦਰ ਕੌਰ ਜੀ ਦੇ ਬਿਮਾਰ ਰਹਿਣ ਕਰਕੇ ਸਤਿਗੁਰੂ ਜੀ ਨੇ ਪੱਤਰ ਭੇਜ ਕੇ ਮਾਤਾ ਰਾਮ ਕੌਰ ਜੀ ਨੂੰ ਗੁਰੂ ਸਰੋਂ ਭੈਣੀ ਸਾਹਿਬ ਸੱਦ ਲਿਆ ਜਦੋਂ ਮਾਤਾ ਜੀ ਨੂੰ ਤਪਦਿਕ ਰੋਗ ਤਸ਼ਖੀਸ਼ ਹੋ ਗਈ ਤਾਂ ਆਪ ਨੂੰ ਪੌਣ ਪਾਣੀ ਬਦਲਣ ਲਈ ਪਹਾੜਾਂ ਵਿਚ ਸਲੋਹ ਗੜ੍ਹ ਦੇ ਸਥਾਨ ਤੇ ਭੇਜਿਆ ਗਿਆ। ਕੁਝ ਮਹੀਨੇ ਰੱਖਣ ਬਾਅਦ ਹਾਲਾਤ ਵਿਗੜਦੇ ਗਏ ਫਿਰ ਵਾਪਸ ਸ੍ਰੀ ਭੈਣੀ ਸਾਹਿਬ। ਸਾਹਿਬਜ਼ਾਦੇ ਜਦੋਂ ਆਪ ਚਾਹੁੰਦੇ ਮਿਲ ਜਾਂਦੇ। ਵੱਡੇ, ਝੱਬਰ ਜੀ ਪਾਸ ਅਤੇ ਛੋਟੇ, ਮਹੰਤ ਸੇਵਾ ਸਿੰਘ ਜੀ, ਦਾਦੀ ਮਾਤਾ ਜੀਵਨ ਕੌਰ ਜੀ ਜਾਂ ਨਾਨੀ ਮਾਤਾ ਰਾਮ ਕੌਰ ਜੀ ਪਾਸ ਹੁੰਦੇ। ਜਦੋਂ ਪਹਾੜਾਂ ਵਿਚ ਝੱਬਰ ਜੀ ਮਾਤਾ ਜੀ ਦੇ ਬਸਤਰ ਸਾਫ ਕਰਦੇ ਤਾਂ ਉਹਨਾਂ ਵਰਜਨਾ ਕਿ ਤੂੰ ਮੁੰਡਾ ਖੁੰਡਾ ਏ, ਕੋਈ ਬਿਰਧ ਧੋ ਲਊ। ਇਹ ਛੂਤ ਦਾ ਰੋਗ ਹੈ। ਝੱਬਰ ਹੋਰਾਂ ਨੇ ਕਹਿਣਾ ਕਿ ਮਾਵਾਂ ਦੀ ਛੂਤ ਪੁੱਤਰਾਂ ਨੂੰ ਨਹੀਂ ਲੱਗਦੀ।

ਮਾਤਾ ਜੀ ਦੇ ਆਖਰੀ ਦਿਨਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਗੜ੍ਹਦੀਵਾਲਾ (ਹੁਸ਼ਿਆਰਪੁਰ) ਦੇ ਨਾਮਧਾਰੀ ਡੇਰੇ ਵਿਚ ਬੰਦਗੀ ਕਰ ਰਹੇ ਸਨ। ਮਾਤਾ ਦਰਸ਼ਨਾਂ ਦੀਆਂ ਜੋਦੜੀਆਂ ਕਰਦੀਆਂ ਹਨ। ਇਕ ਦਿਨ ਡੁੱਬ ਗਿਆ, ਤ੍ਰਿਕਾਲਾਂ ਪਏ, ਭੇਸ ਬਦਲ ਕੇ ਸੂਹਾ ਚਿਰਾ ਸਿਰ 'ਤੇ ਬੰਨ੍ਹ ਕੇ ਸਤਿਗੁਰੂ ਜੀ ਆ ਗਏ।ਮਾਤਾ ਜੀ ਤੇ ਅੰਬੋ ਜੀ ਦੋਵੇਂ ਹੀ ਕੋਠੀ ਬਾਗ ਵਾਲੀ ਵਿਚ ਸਨ। ਸਤਿਗੁਰੂ ਜੀ ਦਰਸ਼ਨ ਦੇ ਕੇ ਧੀਰਜ ਬੰਨਾਂ ਕੇ ਜਿਵੇਂ ਆਏ ਅਛੋਪਲੇ ਹੀ ਮੁੜ ਗਏ। ਉਹ ਸਮਝਦੇ ਸਨ ਕਿ ਮੇਰੀ ਮਾਤਾ ਜੀ ਕੋਲ ਮਜ਼ੂਦਗੀ ਉਹਨਾਂ ਦੇ ਅੰਤ ਸਮੇਂ ਲੱਗੀ ਲਿਵ ਵਿਚ ਵਿਘਨ ਨਾ ਪਾਏ। ਕੋਠੀ ਦੇ ਲੰਗਰ ਵਾਲੇ

ਕਮਰੇ ਵਿਚ 29 ਭਾਦਰੋਂ 1981 ਬਿ: ਮੁਤਾਬਿਕ 14 ਸਤਬੰਰ 1924 ਨੂੰ ਗੁਰੂ ਦਰਸ਼ਨਾਂ ਤੋਂ ਕੁਝ ਸਮੇਂ ਬਾਅਦ ਸਰੀਰ ਸ਼ਾਂਤ ਹੋ ਗਿਆ।ਜਦੋਂ ਪਾਕਪਟਨ ਵਿਖੇ ਸ਼ੇਖ ਫ਼ਰੀਦ ਜੀ ਦਾ ਅੰਤ ਸਮਾਂ ਨੇੜੇ ਆਇਆ ਤਾਂ ਉਹਨਾਂ ਆਪਨੇ ਜਾਨਸ਼ੀਨ ਨਿਜ਼ਾਮੂਦੀਨ ਔਲੀਆ ਨੂੰ ਦਿੱਲੀ ਦੇ ਰਾਹੇ ਪਾ ਦਿੱਤਾ ਸੀ ਇਹ ਜਾਣਦਿਆਂ ਕਿ ਬਾਬਾ ਜੀ ਹੁਣ ਜ਼ਿਆਦਾ ਸਮਾਂ ਨਹੀਂ ਕੱਢਣ ਵਾਲੇ। ਨਿਜ਼ਾਮੂਦੀਨ ਬਾਬਾ ਜੀ ਦੇ ਪਾਸ ਰਹਿਣ ਦਾ ਇਸਰਾਰ ਕਰਨ ਲੱਗੇ ਤਾਂ ਸ਼ੇਖ ਫ਼ਰੀਦ ਜੀ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਸੀ, "ਨਿਜ਼ਾਮਾ ਜੇ ਆਪਣੇ ਪਿਆਰੇ ਸਾਹਮਣੇ ਹੋਣ ਤਾਂ ਅੰਤਿਮ ਸਫ਼ਰ ਤੇ ਨਿਕਲਨਾ ਦੁਖਦਾਈ ਹੁੰਦਾ ਹੈ। ਇਸ ਲਈ ਤੂੰ ਭਾਈ ਜਾਹ।" ਸ੍ਰੀ ਸਤਿਗੁਰੂ ਜੀ ਦਰਸ਼ਨ ਦੇਣ ਬਾਅਦ ਰਾਤ ਦੇ ਹਨ੍ਹੇਰੇ ਵਿਚ ਹੀ ਬਿਨਾਂ ਹੋਰਨਾਂ ਨੂੰ ਦੱਸੇ ਪੁੱਛੇ ਵਾਪਸ ਗੜ੍ਹਦੀਵਾਲ ਚਲੇ ਗਏ ਸਨ। ਮਾਤਾ ਜੀਵਨ ਕੌਰ ਜੀ ਨੇ ਦੇਹ ਜ਼ਿਆਦਾ ਢਿੱਲੀ ਹੋਣ ਤੇ ਬੇਬੇ ਦਿਆਲਾਂ ਵਰਨਾ ਵਾਲੀ ਅਤੇ ਲਹਿਣਾ ਸਿੰਘ ਖਰਾਸ ਵਾਲੇ ਦੇ ਪੁੱਤਰ ਸੰਤਾ ਸਿੰਘ ਡਰਾਈਵਰ ਨੂੰ ਗੜ੍ਹਦੀ ਵਾਲੇ ਤੋਰਿਆ ਕਿ ਉਹ ਸਤਿਗੁਰੂ ਜੀ ਨੂੰ ਆਉਣ ਦੀ ਅਰਜ਼ ਕਰੇ। ਜਲੰਧਰ ਉਹਨਾਂ ਦੀ ਸਵਾਰੀ ਵਿਗੜ ਗਈ। ਦੂਸਰਾ ਸਿੰਘ ਵਰਨਾਂ ਦਾ ਬੇਲਾ ਸਿੰਘ ਸੀ ਉਹ ਗੜ੍ਹਦੀ ਵਾਲ ਪੁੱਜਾ। ਸੰਤਾ ਸਿੰਘ ਨੂੰ ਹੈਜ਼ਾ ਹੋ ਗਿਆ ਤੇ ਉਹ ਜਲੰਧਰ ਹੀ ਚਲਾਣਾ ਕਰ ਗਿਆ। ਇਸ ਸੰਤਾ ਸਿੰਘ ਦਾ ਪੱਤਰ ਸ਼ੇਰ ਸਿੰਘ ਜੀਵਨ ਨਗਰ ਗੁਰੂ ਕੇ ਘੋੜਿਆਂ ਦਾ ਯਾਕੀ ਹੁੰਦਾ ਸੀ। ਸ਼ਹੀਦੀ ਬੁੰਗੇ ਵਾਲੀ ਖੂਹੀ ਕੋਲ ਮਾਤਾ ਭੁਪਿੰਦਰ ਕੌਰ ਜੀ ਦਾ ਸਸਕਾਰ ਹੋਇਆ।ਪੈਂਤੀ ਸਾਲ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਸਕਾਰ ਵੀ ਇਸ ਦੇ ਪਾਸ ਹੀ ਹੋਇਆ ਜਿੱਥੇ ਹੁਣ ਅਖੰਡ ਵਰਨੀ ਨਾਮ ਸਿਮਰਨ ਵਾਲੀ ਚੱਲਦੀ ਹੈ। ਮਾਤਾ ਜੀ ਨਮਿੱਤ ਸੈਂਕੜੇ ਪਾਠਾਂ ਦੇ ਭੋਗ 15 ਅੱਸੂ ਨੂੰ ਹਰੀ ਮੰਦਰ ਵਿੱਚ ਪਾਏ ਗਏ।

ਮਾਤਾ ਜੀ ਰੋਜ਼ਾਨਾ ਪੰਜ ਗ੍ਰੰਥੀ ਦਾ ਪਾਠ ਕਰਿਆ ਕਰਦੇ ਸਨ। ਬੀੜ ਵਿਚ ਅਖੰਡ ਪਾਠਾਂ ਦਾ ਪ੍ਰਬੰਧ ਕਰਾਉਣ ਤੋਂ ਇਲਾਵਾ ਲਾਹੌਰ ਵਿਚ ਭਾਈ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਅਤੇ ਸ਼ਹਿਰ ਗੁਜਰਾਂ ਵਾਲਿਆਂ ਵਿਚ ਹੀ ਆਪ ਜਦੋਂ ਜਾਂਦੇ ਅਖੰਡ ਪਾਠ ਕਰਵਾਇਆ ਕਰਦੇ ਸਨ। ਬੀੜ ਵਿਚ ਰਹਿੰਦਿਆਂ ਜਦੋਂ ਸਤਿਗੁਰੂ ਜੀ ਦੌਰੇ ਤੇ ਸਨ ਤਾਂ ਇਕ ਵੇਰ ਸੰਗਤ ਦਾ ਲੰਗਰ ਮਸਤਾਨਾ ਹੋ ਗਿਆ। ਸੰਤ ਮੋਹਨ ਸਿੰਘ ਜੀ ਵਡਾਲਾ ਜੌਹਲ (ਅੰਮ੍ਰਿਤਸਰ) ਵਾਲਿਆਂ ਨੇ ਇਸ ਪ੍ਰਥਾਇ ਮਾਤਾ ਜੀ ਨੂੰ ਅਰਜ਼ ਕੀਤੀ। ਮਾਤਾ ਜੀ ਨੂੰ ਆਨੰਦ ਕਾਰਜ ਦੇ ਦਿਨਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਇਕ ਸੋਨੇ ਦੀ ਛਾਪ ਪਿਆਰ ਨਿਸ਼ਾਨੀ ਦੇ ਤੌਰ 'ਤੇ ਮਿਲੀ ਸੀ, ਮਾਤਾ ਜੀ ਨੇ ਉਹ ਛਾਪ ਸੰਤਾਂ ਦੇ ਹਵਾਲੇ ਕਰ ਦਿਤੀ। ਛਾਪ ਨੇੜੇ ਦੇ ਕਸਬੇ ਵਿਚ ਵੇਚੀ ਗਈ ਅਤੇ ਸੰਗਤਾਂ ਲਈ ਰਸਦਾਂ ਆ ਗਈਆਂ ਫਿਰ ਜੰਗਲ ਵਿਚ ਮੰਗਲ ਲੱਗ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੌਰੇ ਤੋਂ ਵਾਪਸ ਆ ਕੇ ਜਦੋਂ ਮਾਤਾ ਜੀ ਤੋਂ ਇਹ ਬਚਨ ਸੁਣਿਆ ਤਾਂ ਉਹਨਾਂ ਕਿਹਾ ਕਿ ਮੈਨੂੰ ਤੁਹਾਡੇ ਤੋਂ ਇਹ ਹੀ ਆਸ ਸੀ। ਸਾਡੇ ਲਈ ਸਾਧ ਸੰਗਤ ਤੋਂ ਉਤੇ ਕੁਝ ਵੀ ਨਹੀਂ। ਤੁਸੀਂ ਇਸ ਅਚਾਨਕ ਪਈ ਪਰੀਖਿਆ ਵਿੱਚ ਸਫ਼ਲ ਹੋਏ ਹੋ। ਮਾਤਾ ਜੀ ਦੀ ਇਹੋ ਸਖਾਵਤ ਉਹਨਾਂ ਦੇ ਪੁੱਤਰ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਪੋਤਰੇ ਸਤਿਗੁਰੂ ਉਦੇ ਸਿੰਘ ਜੀ ਨੂੰ ਵਿਰਸੇ ਵਿਚੋਂ ਮਿਲੀ ਹੈ।

ਪ੍ਰੀਤਮ ਸਿੰਘ ਜੀ ਕਵੀ ਲਿਖਦੇ ਹਨ ਕਿ ਮਾਤਾ ਭੁਪਿੰਦਰ ਕੌਰ ਜੀ ਦਾ ਦਰਮਿਆਨਾ ਕੱਦ, ਖੁੱਲ੍ਹਾ ਚੌੜਾ ਮੱਥਾ, ਸੁੰਦਰ ਦੀਦਾਰ, ਪਹਿਰਾਵੇ ਵਲੋਂ ਸੁੱਧ ਸਫੈਦ ਬਾਰੀਕ ਖੱਦਰ ਦਾ ਕਲੀਦਾਰ ਕੁੜਤਾ ਤੇ ਚੂੜੀਦਾਰ ਸੁੱਥਣ, ਸੀਸ ਤੇ ਮੱਥੇ ਤੱਕ ਢੱਕਦਾ ਖੱਦਰ ਦਾ ਹੀ ਦੁਪੱਟਾ। ਮਾਤਾ ਜੀ ਕਿਸ਼ੋਰਾਵਸਥਾ ਦੀਆਂ ਇਛਾਵਾਂ ਨੂੰ ਸਾਧ-ਸਾਧ ਤਪੱਸਵੀ ਜੀਵਨ ਵਲ ਵਧ ਰਹੇ ਸਨ। ਭੈਣੀ ਸਾਹਿਬ ਹੱਥੀਂ ਸੇਵਾ ਦੇ ਨਾਲ-ਨਾਲ ਤਰਿੰਜਣਾਂ ਦਾ ਪ੍ਰਬੰਧ ਵੀ ਹੋ ਜਾਂਦਾ ।ਆਪ ਨੇ ਮਾਈਆਂ ਬੀਬੀਆਂ ਨੂੰ ਹਮੇਸ਼ਾ ਨਾਮ ਬਾਣੀ ਨਾਲ ਜੋੜਿਆ।ਮਾਤਾ ਜੀ ਦੇ ਅਕਾਲ ਚਲਾਣੇ ਬਾਅਦ ਸੰਗਤ ਨੇ ਮਾਤਾ ਜੀਵਨ ਕੌਰ ਜੀ ਦੁਆਰਾ ਸਤਿਗੁਰੂ ਜੀ ਨੂੰ ਦੁਬਾਰਾ ਆਨੰਦ ਕਾਰਜ ਕਰਵਾ ਲੈਣ ਲਈ ਕਹਾਇਆ। ਆਪ ਜੀ ਦਾ ਜੁਆਬ ਸੀ, "ਜੇ ਕੋਈ ਉਹੋ ਜੇਹੀ ਹੈ ਤਾਂ ਲੈ ਆਉ" ਮਾਤਾ ਜੀ ਨੇ ਸੰਗਤ ਨੂੰ ਕਹਿ ਦਿੱਤਾ ਕਿ ਉਹ ਨਹੀਂ ਮੰਨਣਗੇ ਕਿਉਂਕਿ ਉਹੋ ਜੇਹੀ ਉਹ ਆਪ ਹੀ ਸੀ।

ਆਪ ਜੀ ਦੀ ਇਕੋ ਉਪਲਬੱਧ ਫੋਟੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਹੀ ਕੈਮਰੇ ਨਾਲ ਖਿੱਚੀ ਗਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਾਰਦਿਕ ਇੱਛਾ ਸੀ ਕਿ ਗੁਰੂਸਰ ਵਿਖੇ ਅੱਟਲ ਪ੍ਰਤਾਪੀ ਜੀ ਦਾ ਆਨੰਦ ਕਾਰਜ ਸਮਾਰਕ ਬਣਾਇਆ ਜਾਵੇ। ਇਸ ਪ੍ਰਥਾਇ ਦਲਜੀਤ ਸਿੰਘ ਬੱਲ ਨੇ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਨੂੰ ਅਰਜ਼ ਕੀਤੀ । ਜਗ੍ਹਾ ਦਾ ਪ੍ਰਬੰਧ ਕੀਤਾ ਗਿਆ। ਅਪਰੈਲ 2017 ਵਿਚ ਉਸਾਰੀ ਸ਼ੁਰੂ ਹੋਈ। ਸੰਤ ਹਰਦੇਵ ਸਿੰਘ ਰਾਮਪੁਰਾ ਫੂਲ ਇਲਾਕਾ ਅਤੇ ਪਿੰਡ ਦੀ ਸੰਗਤ ਨੇ ਸੇਵਾ ਵਿਚ ਸਹਿਯੋਗ ਦਿੱਤਾ। ਸੁੰਦਰ "ਆਨੰਦ ਸਮਾਰਕ" ਵਿਚ ਵਿਸ਼ਾਲ ਹਾਲ ਤੇ ਬਰਾਮਦੇ ਦੇ ਰੂਪ ਵਿਚ ਹੀ ਬਣ ਗਿਆ।ਸਤਿਗੁਰੂ ਜੀ ਤੇ ਮਾਤਾ ਜੀ ਦੇ ਆਨੰਦ ਕਾਰਜ ਤੋਂ ਕੋਈ 103 ਸਾਲ ਬਾਅਦ 22 ਅਪ੍ਰੈਲ 2018 ਨੂੰ ਇਸ ਇਤਿਹਾਸਿਕ ਅਸਥਾਨ ਤੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਪਹਿਲਾ ਜੋੜ ਮੇਲਾ ਮਨਾਇਆ ਗਿਆ। ਇਸ ਸਮੇਂ ਸਾਰਾ ਸਮੂਹ ਪਰਿਵਾਰ ਤੇ ਇਲਾਕੇ ਦੀਆਂ ਸੰਗਤਾਂ ਸਤਿਗੁਰੂ ਜੀ ਨੂੰ ਨਤ ਮਸਤਕ ਹੋਈਆਂ।

**ਸੁਵਰਨ ਸਿੰਘ 'ਵਿਰਕ'**
**ਕਰੀਵਾਲਾ (ਸਿਰਸਾ)**
**ਸੰਪਰਕ-99963-71716**

# ਅੰਮ੍ਰਿਤਸਰ ਵਿੱਚ ਬੁੱਚੜਖਾਨਾ ਕਿੱਥੇ ਸੀ?

✍-ਦਵਿੰਦਰ ਸਿੰਘ ਗਿੱਲ ਜੀਆ ਨੱਥਾ

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਭੰਗ ਹੋ ਗਈ ਸੀ। ਜਦ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਘੰਟਾ ਘਰ ਵਾਲੀ ਬਾਹੀ ਵੱਲ ਬੁੱਚੜਖਾਨਾ ਅੰਗਰੇਜ਼ ਸਰਕਾਰ ਨੇ ਖੋਲ੍ਹਿਆ ਸੀ ਅਤੇ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਸ਼ਰੇਆਮ ਗਊ ਮਾਸ ਛਾਬੜੀਆਂ ਵਿੱਚ ਰੱਖਕੇ ਹੋਕਾ ਲਗਾ ਕੇ, ਵੇਚਿਆ ਜਾਣ ਲੱਗਾ ਸੀ। ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੀ ਪਵਿੱਤਰਤਾ ਭੰਗ ਹੋ ਗਈ ਸੀ। ਜਿੱਥੇ ਪਹਿਲਾਂ ਸ਼ਹਿਰ ਦੇ ਨਿਵਾਸੀ ਸਵੇਰੇ ਸ਼ਾਮ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਨੂੰ ਸੋਦਰ ਰਹਿਰਾਸ ਦੇ ਪਾਠ ਦੀਆਂ ਗੂੰਜਾਰਾਂ ਸਰਵਣ ਕਰਿਆ ਕਰਦੇ ਸਨ, ਹੁਣ ਉੱਥੇ ਸਾਰਾ ਦਿਨ ਗਊ ਮਾਸ ਦੇ ਵੇਚਣ ਦੇ ਹੋਕੇ ਸੁਣਨ ਨੂੰ ਮਿਲਦੇ ਸਨ। ਅੰਗਰੇਜ਼ ਦੀ ਇਹ ਪਾਲਿਸੀ ਤੋਂ ਮੁਸਲਮਾਨ ਖੁਸ਼ ਸਨ, ਪਰੰਤੂ ਸਿੱਖ ਤੇ ਹਿੰਦੂ ਔਖੇ ਸਨ, ਪਰੰਤੂ ਕਰ ਕੁਝ ਨਹੀਂ ਸਨ ਸਕਦੇ, ਲਾਚਾਰ ਸਨ। ਕਾਂ, ਇੱਲਾਂ ਮਾਸ ਖੋਰੇ ਪੰਛੀ ਬੁੱਚੜਖਾਨੇ ਵਿੱਚੋਂ ਮਾਸ ਤੇ ਹੱਡੀਆਂ ਚੁੱਕ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਲੈ ਆਉਂਦੇ ਸਨ ਅਤੇ ਪਰਕਰਮਾ ਵਿੱਚ ਬਖੇਰ ਦੇਂਦੇ ਸਨ।

ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀ ਅਤੇ ਸਰਬਰਾਹ ਸਰਕਾਰ ਦੇ ਭਗਤ ਬਣ ਗਏ ਸਨ। ਉਹ ਗੁਰਦੁਆਰਿਆਂ ਵਿੱਚ ਅੰਗਰੇਜ਼ ਰਾਜ ਦੀ ਸਲਾਮਤੀ ਦੀਆਂ ਅਰਦਾਸ ਕਰਨਾ ਆਪਣਾ ਫ਼ਰਜ਼ ਸਮਝਦੇ ਸਨ ਅਤੇ ਅਰਦਾਸਾਂ ਕਰਿਆ ਕਰਦੇ ਸਨ। ਸਿੱਖਾਂ ਦੀ ਅਣਖ ਖ਼ਤਮ ਹੋ ਚੁੱਕੀ ਸੀ। ਉਹ ਤਾਂ ਸ੍ਰੀ ਹਰਿਮੰਦਰ ਸਾਹਿਬ ਨੂੰ ਈਸਾਈਆਂ ਕੋਲ ਵੇਚਣ ਲਈ ਤਿਆਰ ਹੋ ਗਏ ਸਨ। ਸ੍ਰੀ ਗੁਰੂ ਰਾਮ ਦਾਸ ਜੀ ਵੱਲੋਂ ਇੱਕ ਕੁਦਰਤੀ ਕ੍ਰਿਸ਼ਮਾ ਹੋਇਆ ਸੀ ਕਿ ਉਹ ਸਾਰੀ ਸਕੀਮ ਫੇਲ੍ਹ ਹੋ ਗਈ ਸੀ। ਇਸ ਬਾਰੇ ਵਿਸਥਾਰ ਪੂਰਬਕ ਜ਼ਿਕਰ ਮੈਂ ਕਿਸੇ ਵੱਖਰੇ ਲੇਖ ਵਿੱਚ ਕਰਾਂਗਾ।

ਮਹਾਰਾਜ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਵਿੱਚ ਗਊ ਹੱਤਿਆ 'ਤੇ ਪੂਰੀ ਤਰ੍ਹਾਂ ਪਾਬੰਦੀ ਆਇਦ ਸੀ। ਉਨ੍ਹਾਂ ਦੇ ਰਾਜ ਵਿੱਚ ਚਾਹੇ ਯੂਰਪੀਅਨ ਅਫ਼ਸਰ ਸਨ ਜਾਂ ਫਿਰ ਮੁਸਲਮਾਨ ਅਹਿਲਕਾਰ ਜੋ ਨਾਂ ਤਾਂ ਉਹ ਗਊ ਮਾਸ ਖਾ ਸਕਦੇ ਅਤੇ ਨਾਂ ਹੀ ਉਹ ਗਊ ਹੱਤਿਆ ਕਰ ਸਕਦੇ ਸਨ। ਉਹਨਾਂ ਨੂੰ ਖਾਲਸਾ ਰਾਜ ਦੀ ਮੁਲਾਜ਼ਮਤ ਸਮੇਂ ਦਾੜੀ ਅਤੇ ਕੇਸ ਰੱਖਣੇ ਲਾਜ਼ਮੀ ਕਰਾਰ ਕੀਤੇ ਹੋਏ ਸਨ। ਮਹਾਰਾਜਾ ਦੀ ਮੌਤ ਤੋਂ ਬਾਅਦ 1845-46 ਈ. ਵਿੱਚ ਅੰਗਰੇਜ਼ ਸਿੱਖ ਲੜਾਈਆਂ ਹੋਈਆਂ ਤਾਂ ਅੰਗਰੇਜ਼ ਨੇ ਮਹਾਰਾਜੇ ਦਾ ਕਮਾਇਆ ਚਾਲੀ ਸਾਲ ਦਾ ਰਾਜ ਖ਼ਤਮ ਕਰ ਦਿੱਤਾ ਅਤੇ ਆਪਣੇ ਕਾਨੂੰਨ ਅਤੇ ਤੌਰ ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। 1849 ਈ. ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਕੰਟਰੋਲ ਵਿੱਚ ਕਰਕੇ ਅੰਗਰੇਜ਼ ਨੇ ਪੰਜਾਬੀਆਂ ਨੂੰ ਆਪਣੇ ਹੱਥ ਵਿਖਾਉਣੇ ਸ਼ੁਰੂ ਕਰ ਦਿੱਤੇ। ਉਸਨੇ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਵਿੱਚ ਪਾਟੋ ਧਾੜ ਪਾਉਣ ਲਈ ਪੰਜਾਬ ਵਿੱਚ ਗਊ ਹੱਤਿਆ ਦੀ ਖੁੱਲ੍ਹ ਦੇ ਦਿੱਤੀ ਅਤੇ ਗਊ ਮਾਸ ਦੀ ਵਿਕਰੀ ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਆਮ ਕਰ ਦਿੱਤੀ ਅਤੇ ਪੰਜਾਬ ਦੇ ਸ਼ਹਿਰਾਂ ਵਿੱਚ ਇਸ ਮੰਤਵ ਲਈ ਬੁੱਚੜਖਾਨੇ ਖੋਲ੍ਹ ਦਿੱਤੇ। ਇੱਕ ਬੁੱਚੜਖਾਨਾ ਅੰਮ੍ਰਿਤਸਰ ਲਾਹੌਰੀ ਦਰਵਾਜੇ ਦੇ ਨੇੜ੍ਹੇ ਖੋਲ੍ਹਿਆ ਗਿਆ ਤਾਂ ਕਿ ਸ਼ਹਿਰ ਦੇ ਹਿੰਦੂਆਂ ਅਤੇ ਸਿੱਖਾਂ ਦਾ ਉਸ ਪ੍ਰਤੀ ਰਵੱਈਆ ਦੇਖਿਆ ਜਾਵੇ। ਹੁਣ ਤੱਕ ਪੰਜਾਬ ਦੇ ਹਿੰਦੂ-ਸਿੱਖ, ਸਰਕਾਰ ਦੇ ਜੀ ਹਜ਼ੂਰੀਏ ਬਣ ਚੁੱਕੇ ਸਨ, ਨਾਮਧਾਰੀ ਪੰਥ ਤੋਂ ਬਿਨਾਂ ਹੋਰ ਕੋਈ ਵੀ ਅੰਗਰੇਜ਼ਾਂ ਦਾ ਵਿਰੋਧੀ ਨਹੀਂ ਸੀ ਰਹਿ ਗਿਆ। ਸਿੱਖਾਂ ਨੂੰ ਚਿੜਾਉਣ ਲਈ ਅਤੇ ਭੜਕਾਉਣ ਲਈ ਅੰਗਰੇਜ਼ ਹਕੂਮਤ ਨੇ ਸਿੱਖਾਂ ਦੇ ਗੁਰਦੁਆਰਿਆਂ ਦੇ ਨੇੜੇ ਬੁੱਚੜਖਾਨੇ ਖੋਲ੍ਹਣ ਦੇ ਹੁਕਮ ਕਰ ਦਿੱਤੇ। ਅੰਮ੍ਰਿਤਸਰ, ਰਾਏਕੋਟ ਅਤੇ ਮਾਛੀਵਾੜੇ ਆਦਿਕ ਸ਼ਹਿਰਾਂ ਕਸਬਿਆਂ ਵਿੱਚ ਗੁਰਦੁਆਰਿਆਂ ਦੇ ਨੇੜੇ ਬੁੱਚੜਖਾਨੇ ਖੁੱਲ੍ਹ ਗਏ। ਵਰਤਮਾਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਜਿੱਥੇ ਅੱਜ ਕੱਲ੍ਹ ਸਿੱਖ ਅਜਾਇਬ ਘਰ ਹੈ, ਉੱਥੇ ਸਿੱਖ ਜਗਤ ਨੂੰ ਚਿੜਾਉਣ ਲਈ ਬੁੱਚੜਖਾਨਾ ਮਈ 1871 ਈ. ਵਿੱਚ ਖੋਲ੍ਹਿਆ ਗਿਆ। ਰੋਜ਼ਾਨਾ ਉੱਥੇ ਅਨੇਕਾਂ ਗਊਆਂ ਦੀ ਹੱਤਿਆ ਕੀਤੀ ਜਾਂਦੀ ਅਤੇ ਉਨਾਂ ਦੀਆਂ ਹੱਡੀਆਂ ਤੇ ਮਾਸ ਦੇ ਲੋਥੜੇ ਖੁਲ੍ਹੇ ਆਮ ਖ਼ਿਲਰੇ ਰਹਿੰਦੇ, ਜਿਹਨਾਂ ਨੂੰ ਕਾਂ ਅਤੇ ਇੱਲਾਂ ਚੁੱਕ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਲੈ ਆਉਂਦੇ ਅਤੇ ਉਹਨਾਂ ਨੂੰ ਸਰੋਵਰ ਅਤੇ ਪਰਕਰਮਾਂ ਵਿੱਚ ਲਿਜਾ ਸੁੱਟ ਦੇਂਦੇ। ਮੱਥਾ ਟੇਕਣ ਆਈਆਂ ਸੰਗਤਾਂ ਨੱਕ ਘੁੱਟ ਕੇ ਲੰਘਦੀਆਂ ਅਤੇ ਗੰਦੀ ਬਦਬੋ ਅਤੇ ਦੁਰਗੰਧ ਨਾਲ ਸਾਰਾ ਵਾਤਾਵਰਣ ਦੂਸ਼ਿਤ ਹੋ ਗਿਆ ਸੀ ਪਰੰਤੂ ਕਿਸੇ ਦੇ ਕੰਨ ਤੇ ਜੂੰ ਨਹੀਂ ਸੀ ਸਰਕਦੀ ਕਿ ਉਸਦਾ ਵਿਰੋਧ ਕਰੇ।

ਬਾਬਾ ਬੀਰ ਸਿੰਘ ਨੌਰੰਗਬਾਦੀ ਦਾ ਸੇਵਕ ਭਾਈ ਦੇਵਾ ਸਿੰਘ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਹਿੱਤ ਆਇਆ, ਉਸਨੇ ਇੱਲਾਂ ਕਾਂਵਾਂ ਦੁਆਰਾ ਮਾਸ ਦਾ ਲੋਥੜਾ ਜੋ ਪਰਕਰਮਾ ਵਿੱਚ ਸੁੱਟਿਆ ਹੋਇਆ ਸੀ ਨੂੰ ਚੁੱਕ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਦਿੱਤਾ। ਉਸ ਦੀ ਉਸ ਕਾਰਵਾਈ ਨਾਲ ਸਰਬਰਾਹ ਅਤੇ ਪੁਜਾਰੀ ਔਖੇ ਹੋ ਗਏ ਅਤੇ ਉਸ ਤੇ ਮੁਕਦੱਮਾ ਚਲਾ ਕੇ ਤਿੰਨ ਸਾਲ ਦੀ ਸਖ਼ਤ ਸਜ਼ਾ ਦਿਵਾਈ ਗਈ।

**ਘੰਟਾ ਘਰ ਵਾਲੇ ਪਾਸੇ ਬੁੱਚੜਖਾਨੇ ਬਾਰੇ ਇਤਿਹਾਸਕ ਹਵਾਲੇ:** ਕੁਝ ਸਮੇਂ ਤੋਂ ਨਵੀ ਵਿਚਾਰ ਚਰਚਾ ਚੱਲ ਪਈ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਕੋਈ ਬੁੱਚੜਖਾਨਾ ਨਹੀਂ, ਪਰੰਤੂ ਜੇਕਰ ਅਸੀਂ ਮੱਢਲੇ ਵਿਦਵਾਨ ਲਿਖਾਰੀਆਂ ਦੀਆਂ ਲਿਖਤਾਂ ਵਾਚੀਏ ਤਾਂ ਇਹ ਸ਼ੰਕਾ ਨਿਰਮੂਲ ਸਾਬਿਤ ਹੋ ਜਾਂਦੀ ਹੈ।

ਸ੍ਰੀ ਹਰਿਮੰਦਰ ਸਾਹਿਬ-ਦਰਬਾਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਮਈ 1871 ਈ. ਵਿੱਚ ਬੁੱਚੜਖਾਨਾ ਸਰਕਾਰ ਅੰਗਰਜ਼ੀ ਨੇ ਖੋਲ੍ਹ ਦਿੱਤਾ ਸੀ। ਇਸ ਤੱਥ ਬਾਰੇ ਅਨੇਕ ਪੁਸਤਕਾਂ, ਗਰੰਥਾਂ ਦੇ ਹਵਾਲੇ ਦਿੱਤੇ ਜਾ ਸਕਦੇ ਹਨ, ਕੁਝ ਕੁ ਇਸ ਪ੍ਰਕਾਰ ਹਨ:

**1.** ਸੰਤ ਸੰਤੋਖ ਸਿੰਘ ਬਾਹੋਬਾਲ ਕ੍ਰਿਤ-"ਸਤਿਗੁਰੂ ਬਿਲਾਸ" ਭਾਗ ਪਹਿਲਾ ਜਿਸਨੂੰ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਸੰਪਾਦਿਤ ਕੀਤਾ ਹੈ, ਉਸ ਵਿੱਚ ਇਸ ਪ੍ਰਕਾਰ ਲਿਖਿਆ ਹੈ:

"(ਪੰਨਾ 424) ਅੰਮ੍ਰਿਤਸਰ ਦੇ ਤੁਰਕਾਂ ਨੇ ਅਰਜ਼ੀ ਦਿੱਤੀ ਕਿ ਠੇਕਾ ਅਸੀਂ ਜ਼ਿਆਦਾ ਭਰ ਦੇਵਾਂਗੇ, ਬੁੱਚੜਖਾਨਾ ਸ਼ਹਿਰ ਮੇਂ ਲਗੇ। ਨਿਹੰਗਾਂ ਪੁਜਾਰੀਆਂ ਤੇ ਹੋਰ ਜੋ ਹਿੰਦੂ ਹੈ ਸਭ ਕੋ ਫ਼ਿਕਰ ਹੋਇਆ ਕਿ ਸਰਬ ਕਾ ਧਾਮ ਹੈ, ਹਿੰਦੂਆਂ ਕਾ ਅਰ ਖ਼ਾਲਸੇ ਕਾ। ਜੇਕਰ ਬੁੱਚੜਖਾਨਾ ਸ਼ਹਿਰ ਵਿੱਚ ਲੱਗ ਗਿਆ ਤਾਂ ਬੜਾ ਭਾਰੀ ਪਾਪ ਹੋਊ। ਸੰਕਰ ਬਰਨ ਹੋ ਜਾਵੇਗੀ। ਗਊ ਬੱਧ ਕਾ ਪਾਪ ਵੱਡਾ ਹੈ ਕਿਉਂਕਿ ਗਊ ਮੈਂ ਗੁਣ ਵੱਡੇ ਹੈਂ। ਸੋ ਗਊ ਕੀ ਰੱਛਿਆ ਕੇ ਵਾਸਤੇ ਖ਼ਾਲਸੇ ਮੈਂ ਗੱਲਾਂ ਹੋ ਰਹੀਆਂ ਹੈਂ ਜੇਕਰ ਅੰਮ੍ਰਿਤਸਰ ਕੇ ਬੀਚ ਬੁੱਚੜਖਾਨਾ ਲੱਗਾ ਤਾਂ ਬੜਾ ਭਾਰੀ ਪਾਪ ਹੈ?....

(ਸਫ਼ਾ 425) ...ਫ਼ਰੰਗੀ ਨੇ ਕਹਾ ਕਿ ਬੁੱਚੜਖਾਨਾ ਯਹਾਂ ਹੀ ਰਹੇਗਾ। ਯੇ ਨਹੀਂ ਹਟੇਗਾ। ਘੰਟੇ ਘਰ ਦੇ ਚੜ੍ਹਦੇ ਪਾਸੇ ਬੁੱਚੜਖਾਨਾ ਬਣਿਆ ਸੀ ਪਰਕਰਮਾ ਦੇ ਨਾਲ! ਨਿਹੰਗਾਂ ਨੇ ਸਲਾਹ ਕੀਤੀ ਮਰਨਾ ਇੱਕ ਵੇਰੀ ਹੈ, ਚੱਲੋ ਮਰਾਂ ਮਾਰਾਂਗੇ। ਸ਼ਹਿਰ ਮੇਂ ਨਹੀਂ ਵਿਕਣ ਦੇਣਾ ਹੈ ਮਾਸ। ਜਾਂ ਨਿਹੰਗ ਅਰਦਾਸਾ ਕਰਕੇ ਚੱਲੇ ਤਾਂ ਤਤਕਾਲ ਫ਼ਰੰਗੀ ਉਨ ਕੋ ਕੁਤਵਾਲੀ ਲੈ ਗਏ। ਬੰਦ ਕਰਕੇ ਕਹਾ ਕਿ ਹੁਣ ਦੰਗਾ ਕਿਵੇਂ ਕਰਦੇ ਹੋ?"

**2.** ਕਈ ਇਤਿਹਾਸਕ ਸਰੋਤਾਂ ਵਿੱਚ ਬੁੱਚੜਖਾਨੇ ਬਾਰੇ ਜ਼ਿਕਰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਹੋਣ ਨੂੰ "ਸ਼ਹਿਰ ਦੇ ਵਿਚਕਾਰ" ਲਿਖਿਆ ਗਿਆ ਹੈ, ਜਿਵੇਂ ਸੰਤ ਕਾਲ੍ਹਾ ਸਿੰਘ ਨਾਮਧਾਰੀ ਆਪਣੀ ਪੁਸਤਕ 'ਸਿੰਘਾਂ ਨਾਮਧਾਰੀਆਂ ਦਾ ਸ਼ਹੀਦ ਬਿਲਾਸ' (ਰਚਨ ਕਾਲ 1913) ਵਿੱਚ ਸਫ਼ਾ 26 ਤੇ ਲਿਖਦਾ ਹੈ:

ਸਾਡੇ ਲਿਖੋ ਬਿਆਨ ਧਿਆਨ ਦੇ ਕੇ,
ਕਰੋ ਚਿੱਤ ਦੇ ਵਿੱਚ ਵਿਚਾਰ ਵਾਰੀ।
ਏਹੋ ਤਖ਼ਤ ਸਾਡੇ ਗੁਰਾਂ ਪੂਰਿਆਂ ਦਾ,
ਸਾਰੀ ਭੂਮਕਾ ਅਪਰ ਅਪਾਰ ਵਾਰੀ।
ਸਚਖੰਡ ਬੈਕੁੰਠ ਦਾ ਧਾਮ ਕੀਤਾ,
ਸਾਡੇ ਸਤਿਗੁਰਾਂ ਆਪ ਦਰਬਾਰ ਵਾਰੀ।
ਦਰਸ਼ਨ ਕਰਦਿਆਂ ਚਿੱਤ ਨੂੰ ਸ਼ਾਂਤ ਮਿਲਦੀ,
ਹੋਵੇ ਵਾਹਿਗੁਰੂ ਨਾਲ ਪਯਾਰ ਵਾਰੀ।
ਸਾਡੀ ਧਰਮ ਵਾਲੀ ਜਗਾ ਬੁੱਚੜਖਾਨਾ,
ਅਸੀਂ ਦੇਖਕੇ ਬਹੁਤ ਲਾਚਾਰ ਵਾਰੀ।
ਸਾਡੇ ਸਾਹਮਣੇ ਗਊਆਂ ਨੂੰ ਕਤਲ ਕਰਦੇ, ਮਿਟੀ ਵੇਚਦੇ ਚੱਕ ਬਾਜ਼ਾਰ ਵਾਰੀ।

(ਕਵੀ ਕਾਲ੍ਹਾ ਸਿੰਘ ਨੇ ਉਪਰੋਕਤ ਕਵਿਤਾ ਵਿੱਚ ਸ਼ਹੀਦ ਫਤਿਹ ਸਿੰਘ ਦੇ ਬਿਆਨ ਨੂੰ ਕਲਮਬੰਦ ਕੀਤਾ ਹੈ।)

**3.** ਕਵੀ ਕਾਲ੍ਹਾ ਸਿੰਘ ਨਾਮਧਾਰੀ ਨੰਗਲਾਂ ਵਾਲੇ ਪੁਸਤਕ 'ਸ਼ਹੀਦ ਬਿਲਾਸ ਅੰਮ੍ਰਿਤਸਰ' ਦੇ ਤੀਜੇ ਐਡੀਸ਼ਨ ਜੋ 1969 ਈ. ਪ੍ਰਕਾਸ਼ਿਤ ਹੋਇਆ ਸੀ, ਦੇ ਪੰਨਾ 4 'ਤੇ ਸਾਡੇ ਮੱਤ ਦੀ ਪੁਸ਼ਟੀ ਇਸ ਪ੍ਰਕਾਰ ਹੁੰਦੀ ਹੈ:

ਧਰਤੀ ਸੋਹਣੀ ਪਵਿਤ੍ਰ ਹੈ ਥਾਂ ਸੁਹਣਾ,
ਬੀੜ ਰਚੀ ਸ੍ਰੀ ਗਰੰਥ ਪ੍ਰਨਾਮ ਹੈ ਜੀ।
ਕਾਂਸੀ, ਗੰਗਾ, ਪਰਾਗ ਤੇ ਗੋਮਤੀ ਜੋ,
ਏਸ ਤੀਰਥ ਤੇ ਵਸਦੇ ਆਮ ਹੈ ਜੀ।
ਅੰਮ੍ਰਿਤਸਰ ਵਿੱਚ ਆ ਨਿਵਾਸ ਕੀਤਾ,
ਕਰਨ ਦਰਸ਼ਨ ਆ ਲੋਕ ਤਮਾਮ ਹੈ ਜੀ।
ਧਰਤੀ ਧਰਮ ਤੇ ਦਯਾ ਦੀ ਭਰੀ ਹੋਈ ਏ,
ਬਰਮਾ, ਵਿਸ਼ਨੂੰ ਸ਼ਿਵ ਕਰਨ ਪ੍ਰਨਾਮ ਹੈ ਜੀ।
ਭਾਰਤ ਰਾਜ ਸਾਂਭਿਆ ਫਰੰਗੀਆਂ ਨੇ,
ਪੰਜਾਬ ਦੇਸ਼ ਨੂੰ ਕੀਤਾ ਗੁਲਾਮ ਹੈ ਜੀ।
ਬੁੱਚੜਖਾਨਾ ਫਰੰਗੀਆਂ ਖੋਲ੍ਹ ਦਿੱਤਾ,
ਕਰਨ ਤੁਰਕ ਗਊਆਂ ਕਤਲ ਆਮ ਹੈ ਜੀ।
ਅਣਖ ਸਿੰਘਾਂ ਦੀ ਮੇਟਣਾ ਚਾਹੁਣ ਗੋਰੇ,
ਫਰੰਗੀ ਤੁਰਕ ਸਾਰੇ ਸ਼ਰੇਆਮ ਹੈ ਜੀ।
ਚੌਦਾਂ ਸਾਲ ਗਊਆਂ ਸੀ ਕਤਲ ਹੋਈਆਂ,
ਗੋਰੇ ਲਾਟ ਨੇ ਕੀਤਾ ਐਲਾਨ ਹੈ ਜੀ।
ਮਾਸ ਵਿਕੇ ਬਾਜ਼ਾਰਾਂ ਤੇ ਗਲੀਆਂ,
ਤੁਰਕ ਵੇਚਦੇ ਆਮ ਤਮਾਮ ਹੈ ਜੀ।

ਉਪਰੋਕਤ ਹਵਾਲੇ ਅਨੁਸਾਰ ਚੌਂਕ ਘੰਟਾ ਘਰ ਵੱਲ ਪਰਕਰਮਾ ਦੇ ਨਾਲ ਬੁੱਚੜਖਾਨਾ ਚੌਦਾਂ ਸਾਲ ਤੱਕ ਚੱਲਦਾ ਰਿਹਾ ਸੀ, ਪ੍ਰੰਤੂ ਉਸਨੂੰ ਬੰਦ ਕਰਾਉਣ ਹਿੱਤ ਨਾਮਧਾਰੀਆਂ ਸਿੰਘਾਂ ਤੋਂ ਬਿਨਾਂ ਕਿਸੇ ਨੇ ਵੀ ਸ਼ਹੀਦੀਆਂ ਨਹੀਂ ਪਾਈਆਂ।

**4.** ਸਤਿਗੁਰੂ ਪਰਤਾਪ ਸਿੰਘ ਜੀ ਨੇ 6-12-1948 ਨੂੰ ਉਪਦੇਸ਼ ਦੇਂਦੇ ਹੋਏ ਅੰਮ੍ਰਿਤਸਰ ਦੇ ਸ਼ਹੀਦੀ ਸਾਕੇ (ਦੇਖੋ-ਲਾਲ ਏਹਿ ਰਤਨ, ਪਹਿਲਾ ਹਿੱਸਾ, ਪੰਨਾ-202-203) ਦੱਸਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਕਾਇਮ ਕੀਤੇ ਬੁੱਚੜਖਾਨੇ ਬਾਰੇ ਇਸ ਪ੍ਰਕਾਰ ਕਿਰਪਾ ਕਰਦੇ ਹੋਏ ਬਚਨ ਕਰਦੇ ਹਨ:-

"ਅੰਮ੍ਰਿਤਸਰ ਦੇ ਵਿਚ ਪਹਿਲਾਂ ਲਿਖ ਕੇ ਅੰਗਰੇਜ਼ਾਂ ਨੇ ਲਾਇਆ ਸੀ ਤਾਂਬੇ ਦੇ ਪਟੇ ਉੱਤੇ ਕਿ ਏਥੇ ਕੋਈ ਗਊ ਬੱਧ ਨਹੀਂ ਹੋ ਸਕਦਾ। ਛਿਆਲੀ ਸੰਨ (ਸੰਨ 1846)ਵਿੱਚ ਇਹ ਲਿਖਿਆ ਔਰ ਸ਼ਾਇਦ ਉਨੰਜਾ (1849) ਵਿੱਚ ਇਹ ਫਿਰ ਲਿਖ ਦਿੱਤਾ ਕਿ ਹਰ ਇੱਕ ਆਦਮੀ ਨੂੰ ਹੱਕ ਹੈ, ਆਪੋ ਆਪਣੇ ਧਰਮ ਵਿਚ ਰਹਿਣ ਦਾ। ਹਿੰਦੂ ਲੋਕ ਬੜੇ ਤੰਗ ਆਏ ਔਰ

ਹਿੰਦੂਆਂ ਨੇ ਤੰਗ ਹੋ ਕੇ ਅਰਜ਼ੀਆਂ ਦਿੱਤੀਆਂ, ਕਈ ਲੜਾਈਆਂ ਵੀ ਹੋਈਆਂ। ਅਖ਼ੀਰ ਨੂੰ ਕਮੀਸ਼ਨਰ ਨੇ ਆ ਕੇ ਕਿਹਾ, ਅਗਰ ਕੋਈ ਐਸੀ ਗੱਲ ਕਰੇਗਾ ਤੇ ਗੌਰਮਿੰਟ ਨਹੀਂ ਇਹ ਜਰ ਸਕਦੀ।

ਸਿੰਘਾਂ ਨੇ ਨਾਮਧਾਰੀਆਂ ਨੇ ਕਿਆ ਦੇਖਿਆ? ਜਿਥੇ ਘੰਟਾ ਘਰ ਸੀ- ਹੁਣ ਢਾਹ ਦਿੱਤਾ ਹੈ, ਘੰਟੇ ਘਰ ਵਾਲੀ ਜਗ੍ਹਾ ਦੇ ਚੜ੍ਹਦੇ ਪਾਸੇ ਇੱਥੇ ਬੁੱਚੜਖਾਨਾ ਬਣਾਇਆ ਗਿਆ। ਕਹਿੰਦੇ ਭਾਵੇਂ ਹੁਣ ਕੁਝ ਹਨ, ਮੈਨੂੰ ਉਹਨਾਂ ਆਦਮੀਆਂ ਦੇ ਦਰਸ਼ਨ ਹੋਏ ਹਨ ਜਿਨ੍ਹਾਂ ਨੇ ਆਪਣੀ ਅੱਖੀਂ ਉਹ ਜਗ੍ਹਾ ਵੇਖੀ, ਹੁਣ ਹੀ ਉਹਨਾਂ ਦਾ ਸਰੀਰ ਚੱਲਿਆ- ਕੋਈ ਛੇ ਸਾਲ ਜਾਂ ਸੱਤ ਸਾਲ ਹੋਏ ਹੋਣਗੇ, ਸੁਆਮੀ ਜੀ ਕਰਕੇ ਅਸੀਂ ਕਹਿੰਦੇ ਸਾਂ-ਤਖ਼ਤ ਸਿੰਘ ਜੀ ਉਹਨਾਂ ਦਾ ਨਾਂ ਸੀ। ਬੜੇ ਮਹਾਂਪੁਰਖ ਥੇ, ਨੱਬੇ ਸਾਲ ਦੀ ਉਮਰ ਤੱਕ, ਇੱਕ ਵਜੇ ਤੜਕੇ ਉੱਠਣਾ, ਦੋ ਵਜੇ ਪੂਰੇ ਇਸ਼ਨਾਨ ਕਰਨਾ, ਦਿਨੇ ਇੱਕ ਵਜੇ ਜੰਗਲ ਜਾਣਾ, ਦੋ ਵਜੇ ਫਿਰ ਦਿਨੇ ਇਸ਼ਨਾਨ ਕਰਨਾ, ਫਿਰ ਬੈਠਦੇ ਨਹੀਂ ਸੀ ਕਦੇ ਜੋ ਨੀਂਦ ਆ ਜਾਏ, ਖੜ੍ਹੇ ਰਹਿਣਾ, ਔਰ ਭਜਨ ਕਰਦੇ ਰਹਿਣਾ। ਉਹਨਾਂ ਨੇ ਦੱਸਿਆ ਕਿ ਉਥੇ ਬੁੱਚੜਖਾਨਾ ਬਣਿਆ।

ਸਿੰਘ ਨਾਮਧਾਰੀ ਆਏ ਇਸ਼ਨਾਨ ਕਰਨ ਦਰਬਾਰ ਸਾਹਿਬ। ਕੀ ਦੇਖਦੇ ਹਨ? ਇੱਲਾਂ, ਗਿਰਝਾਂ ਚੁੱਕ-ਚੁੱਕ ਕੇ ਉੱਥੇ ਹੱਡੀਆਂ ਸਰੋਵਰ ਵਿੱਚ ਸੁੱਟਦੀਆਂ ਹਨ। ਸਿੱਖ ਨਹੀਂ ਝੱਲ ਸਕੇ, ਨਹੀਂ ਸਤਿਗੁਰਾਂ ਨੂੰ ਪੁੱਛਿਆ, ਨਹੀਂ ਕਿਸੇ ਦੀ ਸਲਾਹ ਲਈ। ਰਾਤ ਨੂੰ ਸਲਾਹ ਕਰਕੇ ਪੌੜੀਆਂ, ਪ੍ਰਕਰਮਾਂ ਵਿੱਚ ਪੌੜੀ ਲਗਾਈ, ਪ੍ਰਕਰਮਾਂ 'ਚੋਂ ਪੌੜੀ ਲਗਾ ਕੇ ਚੜ੍ਹੇ ਬੁੱਚੜਖਾਨੇ ਦੇ ਉੱਤੇ। ਅੰਦਰ ਜਾ ਕੇ ਉਤਰੇ, ਪਹਿਲਾਂ ਦਰਵਾਜਾ ਖੋਲ੍ਹਿਆ, ਖੋਲ੍ਹ ਕੇ ਜੋ ਗਊ ਸੀ, ਸਭ ਬਾਹਰ ਕੱਢ ਦਿੱਤੀ- ਰੱਸੇ ਵੱਢ ਕੇ, ਓਦੂੰ ਬਾਅਦ ਜਿਤਨੇ ਬੁੱਚੜ ਥੇ ਮਾਰ ਦਿੱਤੇ..."

**5.** ਬੰਕੋਕ 3-3-1950 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਕਲਿਆਣਕਾਰੀ ਉਪਦੇਸ਼ (ਲਾਲ ਏਹਿ ਰਤਨ-ਪਹਿਲਾ ਹਿੱਸਾ-ਪੰਨਾ 369) ਵਿੱਚ ਇਸ ਪ੍ਰਕਾਰ ਕਿਰਪਾ ਕਰਦੇ ਹਨ:

"ਪਿਆਰੇ ਸੱਜਣੋਂ, ਕੱਲ ਪ੍ਰਸੰਗ, ਮੈਂ ਥੋੜੀ ਜਿਹੀ ਅਰਜ਼ ਕੀਤੀ ਸੀ ਕਿ ਅੰਮ੍ਰਿਤਸਰ ਦੇ ਵਿੱਚ ਅੰਗਰੇਜ਼ਾਂ ਨੇ ਆ ਕੇ ਸਿੱਖਾਂ ਦੀ ਅਣਖ ਨੂੰ ਚੈਲੇਂਜ ਕੀਤਾ ਸੀ। ਗੁਰਦੁਆਰਾ ਅੰਮ੍ਰਿਤਸਰ-ਘੰਟਾ ਘਰ ਓਦੂੰ ਬਾਅਦ ਬਣਾਇਆ- ਉਹਦੇ ਨਾਲ ਜਿਹੜਾ ਚੜ੍ਹਦਾ ਪਾਸਾ ਸੀ, ਓਥੇ ਬੁੱਚੜਖਾਨਾ ਬਣਾਇਆ-ਉਂਝ ਲਿਖਣ ਵਿੱਚ ਨਹੀਂ, ਉਹ ਇਹ ਗੱਲ ਮੰਨਦੇ। ਪਰ, ਸਾਡੇ ਕੋਲ ਉਹ ਮਹਾਂਪੁਰਖ, ਜਿਨ੍ਹਾਂ ਦੀ ਮੈਂ ਤੁਹਾਨੂੰ ਕੀ ਕਹਾਂ ਕਿ ਨੱਬੇ ਸਾਲ ਦੀ ਉਮਰ ਤੋਂ ਕੁਝ ਦਿਨ ਉੱਤੇ ਹੋਣਗੇ, ਇੱਕ ਵਜੇ ਤੜ੍ਹਕੇ ਉਠਣਾ, ਜੰਗਲ ਜਾਣਾ-ਬਸਤਰ ਲਾਹ ਕੇ, ਦੋ ਵਜੇ ਨੂੰ ਇਸ਼ਨਾਨ ਕਰ ਲੈਣਾ। ਫਿਰ ਉਸ, ਬਾਨਵੇਂ ਤਰਾਨਵੇਂ ਸਾਲ ਦੀ ਉਮਰ ਵਿੱਚ ਕੁਝ ਚਿਰ ਅੰਨ ਪਾਣੀ ਛੱਡ ਛੱਡਿਆ- ਕਹਿਣ ਲੱਗੇ,"ਹੁਣ ਸਤਿਗੁਰਾਂ ਦਾ ਦਰਸ਼ਨ ਨਹੀਂ ਹੁੰਦਾ, ਹੁਣ ਅੰਨ ਵੀ ਨਹੀਂ ਛਕਦੇ।" ਮੈਂ ਅਰਜ਼ ਕਰੀ, "ਬਈ,ਥੋੜਾ ਬਹੁਤਾ ਛਕ ਲਿਆ ਕਰੋ ਤੇ ਫਿਰ ਉਹ ਛਕਣ ਲੱਗ ਪਏ। ਇਸ ਨੱਬੇ ਸਾਲ ਦੀ ਉਮਰ ਵਿੱਚ ਦੋ ਵਜੇ ਤੋਂ ਕੋਈ ਛੋਟੀ-ਮੋਟੀ, ਸੋਟੀ ਫੜ ਲੈਣੀ ਤੇ ਖੜ੍ਹਕੇ ਭਜਨ ਕਰਨਾ, ਕਿਤੇ ਨੀਂਦ ਨਾ ਆ ਜਾਵੇ। ਉਨ੍ਹਾਂ ਮਹਾਂਪੁਰਖਾਂ ਨੇ ਜੋ ਆਪਣੀ ਅੱਖੀਂ, ਜੋ ਕੋਝ ਦੇਖਿਆ ਉਹਨਾਂ ਹੀ ਦੱਸਿਆ ਕਿ ਘੰਟਾ ਘਰ ਦੇ ਨਾਲ ਬੁੱਚੜਖਾਨਾ ਬਣਿਆ ਸੀ......।"

**6.** ਇਸਦੀ ਪੁਸ਼ਟੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਉਪਦੇਸ਼ (ਪੁਸਤਕ 'ਪ੍ਰਵਚਨ'-ਪੰਨਾ 67) ਵਿੱਚ ਇਸ ਪ੍ਰਕਾਰ ਹਨ:

"...... ਤੁਸੀਂ ਦਸੋ ਪਈ ਉਹ ਸਰੋਵਰ ਜਿਸ ਨੂੰ ਅਸੀਂ ਸਾਰੇ ਮੰਨਦੇ ਹਾਂ। ਨਾਮਧਾਰੀ ਤੇ ਗੈਰ ਨਾਮਧਾਰੀ ਸਿੱਖ, ਹਿੰਦੂ ਵੀ, ਜੋ ਬਹੁਤ ਪੱਕੇ ਸਿੱਖ ਨੇ, ਉਸ ਸਰੋਵਰ ਵਿੱਚ ਇੱਲਾਂ, ਕਾਂ ਹੱਡੀਆਂ ਲਿਆ ਕੇ ਸੁੱਟਦੇ ਸਨ। ਇੱਕੋ ਦੇਵਾ ਸਿੰਘ ਨਾਂ ਦਾ ਸਿੱਖ ਸੀ। ਉਸਨੇ ਹੱਡੀ ਲਿਆ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਜਿੱਥੇ ਪ੍ਰਕਾਸ਼ ਹੋਇਆ ਸੀ, ਉੱਥੇ ਅੱਗੇ ਲਿਆ ਕੇ ਰੱਖ ਦਿੱਤੀ। ਮਹੰਤਾਂ ਆਖਿਆ, ਇਹ ਕੀ ਗੱਲ? ਉਸ ਆਖਿਆ ਇਹ ਹੱਡੀਆਂ ਸਰੋਵਰ ਵਿੱਚ ਡਿੱਗਦੀਆਂ ਨੇ ਫਿਰ ਨਾਮਧਾਰੀ ਸਿੰਘਾਂ ਨੇ ਕਿਸੇ ਨਾਲ ਸਲਾਹ ਨਹੀਂ ਕੀਤੀ, ਸਤਿਗੁਰਾਂ ਕੋਲ ਵੀ ਨਹੀਂ ਆਏ। ਗਊ ਘਾਤੀਆਂ ਨੂੰ ਮਾਰ ਦਿੱਤਾ।"

**7.** 1956 ਈ. ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਮੈਕਾਲਿਫ ਯਾਦਗਾਰੀ ਐਵਾਰਡ ਸ਼ੁਰੂ ਕੀਤਾ ਸੀ। ਜਿਸਨੂੰ ਪ੍ਰਾਪਤ ਕਰਨ ਲਈ ਉਸ ਸਮੇਂ ਪ੍ਰੋ. ਜਸਵੰਤ ਸਿੰਘ ਜੱਸ ਨੇ ਪੁਸਤਕ "ਬਾਬਾ ਰਾਮ ਸਿੰਘ ਨਾਮਧਾਰੀ" ਲਿਖ ਕੇ ਉਹ ਅਵਾਰਡ ਪ੍ਰਾਪਤ ਕੀਤਾ ਸੀ। ਉਹ ਦਰਬਾਰ ਸਾਹਿਬ ਦੇ ਨੇੜੇ ਸਥਿਤ ਬੁੱਚੜਖਾਨੇ ਬਾਰੇ ਪੁਸਤਕ ਦੇ ਪੰਨਾ 96 'ਤੇ ਇਸ ਪ੍ਰਕਾਰ ਲਿਖਦੇ ਹਨ:

"ਮਈ 1871 ਵਿੱਚ ਇਹ ਅਫ਼ਵਾਹ ਆਮ ਫੈਲ ਗਈ ਕਿ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਕੁਝ ਹੋਰ ਨਵੇਂ ਬੁੱਚੜਖਾਨੇ ਖੋਲ੍ਹਣ ਦੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਉਨ੍ਹਾਂ ਵਿੱਚੋਂ ਇੱਕ ਬੁੱਚੜਖਾਨਾ ਦਰਬਾਰ ਸਾਹਿਬ ਦੀ ਪਰਕਰਮਾਂ ਦੇ ਨਾਲ ਚੌਂਕ ਘੰਟਾ ਘਰ ਵਿੱਚ ਖੋਲ੍ਹਿਆ ਜਾ ਰਿਹਾ ਹੈ। ਇਸ ਅਫ਼ਵਾਹ ਨਾਲ ਗੈਰ ਮੁਸਲਮਾਨਾਂ ਵਿੱਚ ਬੜਾ ਜੋਸ਼ ਫੈਲਿਆ..."

**ਬਾਕੀ ਸਫ਼ਾ 25 'ਤੇ............**

**ਦਵਿੰਦਰ ਸਿੰਘ ਗਿੱਲ**
**ਪਿੰਡ-ਜੀਆ ਨੱਥਾ,**
**ਹੁਸ਼ਿਆਰਪੁਰ.**
**ਸੰਪਰਕ: 94177-69103.**

# ਖੁੰਬ ਦੀ ਪੁੱਠ ਵਾਲਾ: ਪੰਡਿਤ ਗੋਪਾਲ ਸਿੰਘ ਨਾਮਧਾਰੀ

✍-ਸੀ. ਮਾਰਕੰਡਾ

ਪੰਡਿਤ ਗੋਪਾਲ ਸਿੰਘ ਨਾਮਧਾਰੀ ਮੇਰੇ ਗਰਾਂਈਂ ਸਨ, ਤਪਾ ਦੇ ਬਸ਼ਿੰਦੇ। ਉਨਾਂ ਦੇ ਦੋਵੇਂ ਛੋਟੇ ਪੁੱਤਰ ਮੇਰੇ ਕੋਲ ਹੀ ਪੜ੍ਹੇ ਹਨ। ਵਿਚਕਾਰਲੇ ਬੇਟੇ ਜਗਮੋਹਨ ਸਿੰਘ ਅੰਦਰ ਕਲਾਤਮਿਕ ਰੁਚੀਆਂ ਦੀ ਬਹੁਤਾਤ ਸੀ, ਜਿਸਨੂੰ ਮੈਂ ਚੰਗੀ ਤਰਾਂ ਤਾੜ ਲਿਆ ਸੀ। ਮੈਂ ਉਸਦੀ ਕਲਾ ਨੂੰ ਇਸ ਤਰਾਂ ਵਿਕਸਿਤ ਕਰਨਾ ਚਾਹੁੰਦਾ ਸਾਂ ਤਾਂ ਕਿ ਉਹ ਉਸਨੂੰ ਆਪਣੀ ਜ਼ਿੰਦਗੀ ਦਾ ਤੋਹਫ਼ਾ ਸਮਝੇ। ਸਕੂਲ ਵਿਚ ਕਵਿਤਾ ਪਾਠ ਅਤੇ ਭਾਸ਼ਣ ਪ੍ਰਤੀਯੋਗਤਾ ਲਈ ਟੀਮ ਤਿਆਰ ਕਰਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਸੀ ਕਿਉਂਕਿ ਪੰਜਾਬੀ ਅਧਿਆਪਕ ਤੇ ਕਵੀ ਹੋਣ ਨਾਤੇ ਮੈਨੂੰ ਹੀ ਇਸ ਯੋਗ ਵਧੇਰੇ ਸਮਝਿਆ ਗਿਆ।

ਮੈਂ ਕਵਿਤਾ ਪਾਠ ਲਈ ਜੋ ਦੋ ਵਿਦਿਆਰਥੀ ਚੁਣੇ, ਉਨਾਂ ਵਿਚ ਇਕ ਜਗਮੋਹਨ ਸਿੰਘ ਸੀ। ਇਹ ਤਪਾ ਵਿੱਚ ਕੂਕਿਆਂ ਵਾਲੀ ਗਲੀ ਵਿਚ ਰਹਿੰਦਾ ਸੀ। ਉਸ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਉਸਦਾ ਪਿਤਾ ਪੰਡਿਤ ਗੋਪਾਲ ਸਿੰਘ ਕੂਕਾ ਹੈ। ਗਲੀ ਵਿਚ 'ਕੱਲਾ ਕਾਰਾ ਘਰ। ਇਸ ਘਰ ਕਰਕੇ ਹੀ ਸਾਰੀ ਲੰਬੀ ਤੇ ਸੰਘਣੀ ਆਬਾਦੀ ਵਾਲੀ ਗਲੀ ਦਾ ਨਾਂ ਕੂਕਿਆਂ ਵਾਲੀ ਗਲੀ ਦੇ ਨਾਂਅ 'ਤੇ ਧਰਿਆ ਗਿਆ। ਜਗਮੋਹਨ ਹੋਰਾਂ ਦੀ ਜਿਹੜੀ ਕਵਿਤਾ ਦੀ ਟੀਮ ਮੈਂ ਤਿਆਰ ਕੀਤੀ, ਉਸਨੇ ਸਕੂਲ ਮੁਕਾਬਲਿਆਂ ਵਿੱਚ ਕਈ ਇਨਾਮ ਜਿੱਤੇ ਸਨ ਤੇ ਉਨਾਂ ਦੀ ਆਲੇ-ਦੁਆਲੇ ਦੇ ਸਕੂਲਾਂ ਅੰਦਰ ਚੰਗੀ ਧਾਂਕ ਜੰਮ ਗਈ।

ਇਕ ਦਿਨ ਜਦੋਂ ਮੈਂ ਦਸਵੀਂ ਜਮਾਤ ਦੀ ਹਾਜ਼ਰੀ ਲਾ ਕੇ ਹਟਿਆ ਤਾਂ ਜਗਮੋਹਨ ਚੱਲ ਕੇ ਮੇਰੇ ਕੋਲ ਆਇਆ ਤੇ ਬੜੀ ਅਜ਼ੀਜ਼ਗੀ ਨਾਲ ਆਖਣ ਲੱਗਿਆ:

'ਮਾਸਟਰ ਜੀ, ਮੇਰੇ ਪਿਤਾ ਜੀ ਨੇ ਅੱਜ ਤੁਹਾਨੂੰ ਮਿਲਣ ਲਈ ਘਰ ਸੱਦਿਐ। ਉਹ ਤਪੇ ਆਏ ਹੋਏ ਹਨ'।

ਮੈਂ ਸ਼ਾਮ ਵੇਲੇ ਉਨਾਂ ਨੂੰ ਘਰ ਮਿਲਣ ਲਈ ਗਿਆ। ਉਹ ਆਪਣੇ ਪਰਿਵਾਰ ਵਿਚ ਵਿਹੜੇ ਵਿਚਾਲੇ ਸੂਤ ਦੇ ਪਲੰਘ 'ਤੇ ਪੰਥੀ ਮਾਰੀ ਬੈਠੇ ਸਨ। ਸਫ਼ੈਦ ਦੁੱਧ ਜਿਹਾ ਚਿੱਟਾ ਪਹਿਰਾਵਾ, ਖੁੰਬ ਰੰਗਾ ਦਾੜਾ, ਗਲ ਦੁਆਲੇ ਦੂਧੀਆ ਚਿੱਟਾ ਪਰਨਾ, ਉੱਨ ਦੀ ਸਲੇਟੀ ਰੰਗੀ ਲੰਬੀ ਮਾਲਾ, ਕੂਕਿਆਂ ਵਾਲੀ ਨਵੀਂ ਨਕੋਰ ਬੱਤਖ਼ ਦੇ ਖੰਭਾਂ ਵਰਗੀ ਸਫ਼ੈਦ ਸਿੱਧੀ ਦਸਤਾਰ, ਬਹੁਤ ਹੀ ਮਿਕਨਾਤੀਸੀ ਕਸ਼ਿਸ਼ ਵਾਲੀ ਗੁਫ਼ਤਾਰ। ਉਹ ਮੈਨੂੰ ਆਉਣ ਸਾਰ ਖਿੜੇ ਮੱਥੇ ਕੰਵਲ ਦੇ ਫ਼ੁੱਲ ਵਾਂਗ ਹੱਸ ਕੇ ਮਿਲੇ। ਅਜਿਹੀ ਨਿਰਮਲ ਹਾਸੀ ਤੇ ਰੂਹਾਨੀ ਖੇੜਾ, ਮੈਨੂੰ ਬਹੁਤ ਹੀ ਘੱਟ ਵਿਦਵਾਨਾਂ ਦੇ ਚਿਹਰਿਆਂ 'ਤੇ ਭਾਹ ਮਾਰਦਾ ਦਿਸਿਐ। ਉਨਾਂ ਜਗਮੋਹਨ ਦੀ ਮਾਤਾ (ਝਾਈ ਜੀ) ਨੂੰ ਇਸ਼ਾਰਾ ਕੀਤਾ ਕਿ ਮਾਸਟਰ ਜੀ ਲਈ ਪ੍ਰਸ਼ਾਦਿ ਲਿਆਓ। ਉਹ ਕਿਸੇ ਬਾਹਰਲੇ ਮੁਲਕ ਦਾ ਦੌਰਾ ਕਰਕੇ ਆਏ ਹੋਣਗੇ। ਆਪਣੇ ਪੁੱਤਰ ਦੀਆਂ ਪ੍ਰਾਪਤੀਆਂ 'ਤੇ ਉਨਾਂ ਨੂੰ ਮਾਣ ਹੋਣੈ। ਇਸੇ ਕਰਕੇ ਉਨਾਂ ਮੈਨੂੰ ਮਿਲਣਾ ਜ਼ਰੂਰੀ ਸਮਝਿਆ। ਉਨਾਂ ਬੜੀਆਂ ਸਮਝਦਾਰ ਤੇ ਵਿਦਵਤਾ ਭਰਪੂਰ ਗੱਲਾਂ ਕੀਤੀਆਂ। ਕਲਾ, ਸੰਗੀਤ ਅਤੇ ਸਾਹਿਤ ਦੀਆਂ। ਪਤਾ ਨਹੀਂ ਮੈਂ ਕਿਉਂ ਉਨਾਂ ਤੋਂ ਝਿਜਕ ਗਿਆ। ਉਨਾਂ ਦੀ ਪ੍ਰਤਿਭਾਸ਼ੀਲ ਸ਼ਖ਼ਸੀਅਤ, ਅਨੁਭਵੀ ਤੇ ਗੰਭੀਰ ਸੂਰਤ, ਪ੍ਰੇਮ ਤੇ ਸਦਭਾਵਨਾ ਭਰੀ ਸੀਰਤ ਜਿਸ ਅੰਦਰ ਹੋਰ ਸੰਪੂਰਨ ਹੋਣ ਦੀ ਸਮਰੱਥਾ ਸੀ, ਦੇ ਸਾਹਵੇਂ ਮੈਂ ਕੁਰਸੀ 'ਤੇ ਮੁਰਕੜੀ ਮਾਰੀ ਗੂੰਗਾ ਵੱਟਾ ਬਣਿਆ ਬੈਠਾ ਰਿਹਾ। ਬਾਹਰਲੇ ਦੇਸ਼ਾਂ ਤੋਂ ਲਿਆਂਦੇ ਕਾਜੂ, ਬਦਾਮਾਂ ਨੂੰ ਮੈਂ ਚਾਹ ਦੀਆਂ ਚੁਸਕੀਆਂ ਨਾਲ ਚੱਬਦਾ ਰਿਹਾ ਤੇ ਆਪਣੇ ਅੰਦਰੋਂ ਬਾਹਰ ਆਉਂਦੀ ਹਰ ਗੱਲ ਨੂੰ ਜਾਣ-ਬੁੱਝ ਕੇ ਦਬਾਉਂਦਾ ਰਿਹਾ। ਇਕ ਮਾਸਟਰ ਨੂੰ ਸਤਿਕਾਰ ਤੇ ਰੱਜਵਾਂ ਪਿਆਰ ਮਿਲਦਾ ਮੈਂ ਪਹਿਲੀ ਵਾਰ ਅਨੁਭਵ ਕੀਤਾ।

ਪੰਡਿਤ ਜੀ ਕਰਕੇ ਹੀ ਮੇਰਾ ਜਗਮੋਹਨ ਦੇ ਘਰ ਆਉਣਾ-ਜਾਣਾ ਅਜਿਹਾ ਬਣਿਆ ਕਿ ਅਸੀਂ ਦੋਵੇਂ ਇਕ ਦੂਜੇ ਦੇ ਪਰਿਵਾਰਕ ਜੀਅ ਜਾਪਣ ਲੱਗੇ। ਸਾਡੇ ਆਪਣੇ ਰਿਸ਼ਤੇਦਾਰ ਤਾਂ ਭਾਵੇਂ ਸਾਡੇ ਦੁੱਖਾਂ-ਸੁੱਖਾਂ ਵਿਚ ਆਉਣੋਂ ਖੁੰਝ ਜਾਣ ਪਰ ਅਸੀਂ ਇਕ ਦੂਜੇ ਨਾਲ ਹੁਣ ਤੱਕ ਓਵੇਂ ਜਿਵੇਂ ਵਰਤਦੇ ਆ ਰਹੇ ਹਾਂ।

ਮੈਂ ਸੋਚ ਰਿਹਾ ਸੀ ਕਿ ਜਗਮੋਹਨ ਸਿੰਘ ਅੰਦਰ ਕਲਾਤਮਕ ਰੁਚੀਆਂ ਆਪਣੇ ਪਿਤਾ ਸਦਕਾ ਹੀ ਉਜਾਗਰ ਹੋਈਆਂ ਹੋਣਗੀਆਂ। ਪੰਡਿਤ ਜੀ ਨੇ ਮੈਨੂੰ ਕਵੀ ਤੇ ਲੇਖਕ ਹੋਣ ਨਾਤੇ ਹਮੇਸ਼ਾ ਉਤਸ਼ਾਹ ਅਤੇ ਹੱਲਾਸ਼ੇਰੀ ਦਿੱਤੀ। ਤਪਾ ਦੀ ਸਾਹਿਤਕ ਲਹਿਰ ਨੂੰ ਪ੍ਰਫੁੱਲਤ ਕਰਨ, ਸਭਾ ਵੱਲੋਂ ਸਤਿਗੁਰ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਨਾਲ 'ਸੰਤ ਇੰਦਰ ਸਿੰਘ ਚੱਕਰਵਰਤੀ ਐਵਾਰਡ' ਕਾਇਮ ਕਰਵਾਉਣ ਅਤੇ ਪੰਜਾਬੀ ਦੇ ਉੱਘੇ ਸਾਹਿਤਕਾਰਾਂ ਡਾ. ਬਰਜਿੰਦਰ ਸਿੰਘ ਹਮਦਰਦ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਗੁਰਬਚਨ ਸਿੰਘ ਭੁੱਲਰ, ਪ੍ਰੀਤਮ ਸਿੰਘ ਰਾਹੀ ਅਤੇ ਓਮ ਪ੍ਰਕਾਸ਼ ਗਾਸੋ ਆਦਿ ਨੂੰ ਇਹ ਸਾਹਿਤਕ ਐਵਾਰਡ ਪ੍ਰਦਾਨ ਕਰਨ ਲਈ ਵਿੱਢੇ ਉਪਰਾਲਿਆਂ ਵਿਚ ਪੰਡਿਤ ਜੀ ਦਾ ਗੌਰਵਸ਼ਾਲੀ ਯੋਗਦਾਨ ਰਿਹਾ ਹੈ। ਜਿੰਨਾਂ ਚਿਰ ਉਹ ਜਿਉਂਦੇ ਰਹੇ ਓਨਾਂ ਚਿਰ ਤੱਕ ਇਹ ਸਾਹਿਤਕ ਪੁਰਸਕਾਰ ਜਾਰੀ ਰਿਹਾ।

ਹੈਰਾਨੀ ਦੀ ਗੱਲ ਹੈ ਕਿ ਮੇਰੇ ਮਾਰਕਸਵਾਦੀ ਵਿਚਾਰਧਾਰਾ ਵਾਲਾ ਹੋਣ ਦੇ ਬਾਵਜੂਦ ਉਹ ਮੇਰਾ ਬੇਹੱਦ ਸਤਿਕਾਰ ਕਰਦੇ। ਨਕਸਲੀ ਵਿਚਾਰਾਂ ਨਾਲ ਜੁੜੇ, ਮੇਰੀ ਸੰਪਾਦਨਾ ਹੇਠ ਛਪਦੇ ਸਾਹਿਤਕ ਮੈਗਜ਼ੀਨ 'ਕਿੰਤੂ' ਦੀ ਸਮੇਂ ਸਮੇਂ ਸਿਰ ਅਕਸਰ ਮੱਦਦ ਵੀ ਕਰਦੇ। ਉਨਾਂ ਮੈਨੂੰ ਕਈ ਵਾਰ ਭੈਣੀ ਸਾਹਿਬ ਸਤਿਗੁਰ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਤੇ ਉਨਾਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਹਿਤ ਬੁਲਾਇਆ।

ਅਫ਼ਸੋਸ: ਇਹ ਸਬੱਬ ਨਾ ਬਣਿਆ। ਮੈਂ ਕਿੰਨਾ ਬਦਕਿਸਮਤ ਹਾਂ ਕਿ ਖੁਸ਼ਹਾਲ ਤੇ ਭਰਪੂਰ ਜੀਵਨ ਜਿਉਣ ਵਾਲੇ ਗਿਆਨ ਮਾਰਤੰਡ ਦੀ ਉਪਾਧੀ ਨਾਲ ਸਸ਼ੋਵਤ ਪੰਡਿਤ ਗੋਪਾਲ ਸਿੰਘ ਨਾਮਧਾਰੀ ਦੇ ਜਿਉਂਦੇ ਜੀਅ ਉਨਾਂ ਦੀ ਹਾਜ਼ਰੀ ਵਿਚ ਸਤਿਗੁਰਾਂ ਦੇ ਦਰਸ਼ਨ ਨਾ ਕਰ ਸਕਿਆ। ਪੰਡਿਤ ਜੀ ਦੇ ਸ਼ਰਧਾਂਜਲੀ ਸਮਾਗਮ 'ਤੇ ਸਤਿਗੁਰਾਂ ਦੇ ਦਰਸ਼ਨ ਹੋਏ।

ਆਪ ਨਾਮਧਾਰੀ ਦਰਬਾਰ ਦੇ ਸਿਰਕੱਢ ਵਿਦਵਾਨ, ਵੇਦਾਂ ਦਾ ਮਨਨ ਕਰਨ ਵਾਲੇ, ਪ੍ਰਾਚੀਨ ਭਾਰਤੀ ਸੰਸਕ੍ਰਿਤੀ ਅਤੇ ਭਾਸ਼ਾਵਾਂ ਦੇ ਗਿਆਤਾ, ਗੁਰਬਾਣੀ ਦੇ ਕਦਰਦਾਨ, ਬਾਬਾ ਰਾਮ ਸਿੰਘ ਦੀਆਂ ਕੁਰਬਾਨੀਆਂ ਦੇ ਸੂਝਵਾਨ ਵਿਆਖਿਆਕਾਰ, ਪੰਡਤ ਗੋਪਾਲ ਸਿੰਘ ਨਾਮਧਾਰੀ ਸਤਿਗੂਰ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਪਣਾਏ ਅਤੇ ਵਰੋਸਾਏ ਸਰੀਰ ਸਨ, ਜਿਨਾਂ ਨੂੰ ਅਸੀਂ ਘਰ ਵਾਲੇ 'ਜੋਗੜਾ' ਹੀ ਸਮਝਦੇ ਰਹੇ। ਦਰਅਸਲ ਉਹ ਸਿੱਧ ਸਨ।

ਪੰਡਿਤ ਗੋਪਾਲ ਸਿੰਘ ਨਾਮਧਾਰੀ 'ਗਿਆਨ ਮਾਰਤੰਡ' ਦੀ ਉਪਾਧੀ ਨਾਲ ਵਰੋਸਾਏ ਹੋਏ ਸਨ। ਉਹ ਪ੍ਰਥਮ ਗ੍ਰੰਥ ਰਿਗਵੇਦ ਤੋਂ ਲੈਕੇ ਅਧਿਆਤਮਿਕ ਗਿਆਨ ਦੇ ਭੰਡਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਤੱਕ ਭਾਰਤੀ ਧਾਰਮਿਕ ਗ੍ਰੰਥਾਂ ਦਾ ਗਿਆਨ ਰੱਖਦੇ ਸਨ। ਸੰਸਕ੍ਰਿਤ, ਅਰਬੀ, ਬ੍ਰਿਜਭਾਸ਼ਾ, ਪੰਜਾਬੀ ਅਤੇ ਫ਼ਾਰਸੀ ਦੇ ਚੰਗੀ ਤਰ੍ਹਾਂ ਵਾਕਿਫ਼ ਹੋਣ ਕਾਰਣ ਗਿਆਨ ਚਰਚਾ ਵਿਚ ਉਨ੍ਹਾਂ ਕਦੀ ਕਿਸੇ ਤੋਂ ਮਾਤ ਨਹੀਂ ਸੀ ਖਾਧੀ। ਆਪ ਜਦ ਦੀਵਾਨ ਲਾਉਂਦੇ ਤਾਂ ਉਨਾਂ ਦੇ ਪ੍ਰਵਚਨ ਅਤੇ ਧਾਰਨਾਵਾਂ ਸੁਣਕੇ ਸਰੋਤੇ ਮੰਤਰ-ਮੁਗਧ ਹੋ ਜਾਂਦੇ।

ਗੋਪਾਲ ਸਿੰਘ 1 ਜਨਵਰੀ 1918 ਨੂੰ ਪੂਰਨ ਭਗਤ ਦੀ ਜਨਮ ਭੂਮੀ ਦੀਆਂ ਜੂਹਾਂ ਨਾਲ ਖਹਿੰਦੇ ਪਿੰਡ ਬਸਰਾ ਸ਼ਾਮੇ ਵਾਲਾ ਵਿਖੇ ਜਨਮੇ। ਨਿੱਕੀ ਉਮਰ ਵਿਚ ਹੀ ਉਨਾਂ ਦੇ ਸ਼ਾਹੂਕਾਰ ਪਿਤਾ ਨੱਥੂ ਰਾਮ ਰੱਬ ਨੂੰ ਪਿਆਰੇ ਹੋ ਗਏ। 1935 ਵਿਚ ਉਨਾਂ ਖਾਲਸਾ ਹਾਈ ਸਕੂਲ ਕਲਾਮਵਾਲੇ ਤੋਂ ਦਸਵੀਂ ਪਾਸ ਕੀਤੀ। ਉਸ ਵਿਦਿਆ ਮੰਦਰ ਵਿਚ ਪੜ੍ਹਦਿਆਂ ਉਨਾਂ ਨੂੰ ਨਾਮਧਾਰੀਆਂ ਦਾ ਦੀਵਾਨ ਸੁਣਨ ਦਾ ਭੁੱਸ ਪੈ ਗਿਆ। ਉਹ ਦੱਸਦੇ ਸਨ ਕਿ ਬਚਪਨ ਵਿਚ ਬ੍ਰਾਹਮਣੀ ਸੰਸਕਾਰਾਂ ਵਿਚ ਪਲੇ ਹੋਣ ਕਾਰਣ ਉਹ ਵੀ ਸ਼ੁਰੂ ਵਿਚ ਘੋਨ-ਮੋਨ ਹੀ ਸਨ ਪਰ ਭਲੇ ਪੁਰਸ਼ਾਂ ਦੀ ਸੰਗਤ ਵਿਚ ਰਲਕੇ ਕੇਸਧਾਰੀ ਸਜ ਗਏ। ਸੰਤ ਸੁੰਦਰ ਜੀ ਭੂਰੀ ਵਾਲਿਆਂ ਤੋਂ ਭਜਨ ਦੀ ਸੰਥਾ ਅਤੇ ਪੰਡਿਤ ਜਗਤ ਸਿੰਘ ਪਾਸੋਂ ਧਾਰਮਿਕ ਗਿਆਨ ਦੀ ਦਾਤ ਹਾਸਿਲ ਕੀਤੀ। ਪੰਡਿਤ ਜਗਤ ਸਿੰਘ ਖੰਡੂਵਾਲੀਏ ਦੇ ਵਿਦਿਆਲੇ ਵਿਚੋਂ ਸ਼ੁੱਧ ਪਾਠ, ਸਪੱਸ਼ਟ, ਸਰਲ ਅਰਥ ਬੋਧ, ਪਦ ਛੇਦ ਅਤੇ ਸਹੀ ਉਚਾਰਣ ਦੀ ਮੁਹਾਰਤ ਹਾਸਲ ਕੀਤੀ। ਦੀਵਾਨ ਦੀਆਂ ਧਾਰਨਾਵਾਂ ਤੋਂ ਉਹ ਵਾਕਿਫ਼ ਸਨ। ਸਬੰਧਿਤ ਸਾਖੀਆਂ ਦੀ ਸਮਝ ਸੀ।

1938 ਵਿਚ ਆਪ ਜੀ ਦਾ ਵਿਆਹ ਜ਼ਿਲਾ ਗੁਜਰਾਂਵਾਲੇ ਦੇ ਇੱਕ ਪਿੰਡ ਸਖਾਣੇ ਵਿਖੇ ਚਰਨ ਕੌਰ ਨਾਲ ਹੋਇਆ ਜੋ ਖ਼ੁਦ ਧਾਰਮਿਕ ਵਿਚਾਰਾਂ ਦੇ ਮਾਲਕ ਸਨ। 1942 ਵਿਚ ਹੋਲਾ-ਮਹੱਲਾ ਵੇਖਣ ਲਈ ਭੈਣੀ ਸਾਹਿਬ ਵਿਖੇ ਆਏ ਤਾਂ ਪੰਡਤ ਜੀ ਦੀ ਧਾਰਮਿਕ ਪ੍ਰਵਿਰਤੀ, ਗਾਇਨ ਕਲਾ ਅਤੇ ਸ਼ੁੱਧ ਪਾਠ ਕਰਨ ਦੀ ਸਮਰੱਥਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਰਹਿਣ ਦੀ ਉਨਾਂ 'ਤੇ ਬਖ਼ਸ਼ਿਸ਼ ਕੀਤੀ। ਸ਼ੁਰੂ ਵਿਚ ਨਾਮਧਾਰੀ ਸਿੱਖਾਂ ਨੂੰ ਦਰਬਾਰ ਸਾਹਿਬ ਦੇ ਪੱਤਰੇ ਵੰਡਣ ਦੀ ਸੇਵਾ ਸੌਂਪੀਂ ਜੋ ਉਨਾਂ ਸ਼ਹਿਰ-ਸ਼ਹਿਰ, ਨਗਰ-ਨਗਰ ਪਹੁੰਚਕੇ ਬੜੀ ਸ਼ਰਧਾ, ਸੁਹਿਰਦਤਾ ਅਤੇ ਤਨ ਦੇਹੀ ਨਾਲ ਕਈ ਵਰ੍ਹੇ ਨਿਭਾਈ। ਬਾਅਦ ਵਿਚ ਪੰਡਿਤ ਜੀ ਦੀਆਂ ਸੇਵਾਵਾਂ ਤੋਂ ਖ਼ੁਸ਼ ਹੋਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਧਾਰਮਿਕ ਖੇਤਰ ਵਿਚ ਪ੍ਰਚਾਰ ਕਰਨ ਲਈ ਹਜ਼ੂਰੀ ਪ੍ਰਚਾਰਕ ਬਣਾ ਕੇ ਦੀਵਾਨ ਸਜਾਉਣ, ਕੀਰਤਨ ਕਰਨ ਅਤੇ ਨਾਮਧਾਰੀ ਵਿਚਾਰਧਾਰਾ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਅਤੇ ਪ੍ਰਸਾਰਨ ਦੀ ਜ਼ਿੰਮੇਵਾਰੀ ਸੌਂਪੀ। ਉਨਾਂ ਦੋ ਦਹਾਕੇ ਦੇਸ਼ਾਂ-ਵਿਦੇਸ਼ਾਂ ਦੇ ਦੌਰੇ ਕਰਕੇ ਹਜ਼ਾਰਾਂ ਲੋਕਾਂ ਨੂੰ ਭੈੜ ਤਿਆਗਣ, ਸਤਿਗੁਰਾਂ ਦੇ ਲੜ ਲੱਗਣ ਅਤੇ ਨਾਮ ਵਿਹਾਜਣ ਦੀ ਵਿਧੀ ਦੱਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੱਦੀ ਨਸ਼ੀਨ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਵੀ ਉਨਾਂ ਅਥਾਹ ਪਿਆਰ ਅਤੇ ਬਖ਼ਸ਼ਿਸ਼ਾਂ ਹਾਸਿਲ ਕੀਤੀਆਂ।

ਉਨਾਂ ਜਦ ਤੋਂ ਨਾਮਧਾਰੀ ਸਮੁਦਾਇ ਵਿਚ ਪ੍ਰਵੇਸ਼ ਕੀਤਾ, ਉਦੋਂ ਤੋਂ ਲੈ ਕੇ ਅੰਤਮ ਸਵਾਸਾਂ ਤੱਕ ਨਾਮ-ਸਿਮਰਨ ਨੂੰ ਨਿਰੰਤਰ ਜਾਰੀ ਰੱਖਿਆ। ਕਦੀ ਨਾਗਾ ਨਹੀਂ ਪੈਣ ਦਿੱਤਾ। 22 ਵਰ੍ਹੇ ਤੱਕ ਸੋਧ ਅਤੇ ਸੁੱਚਤਾ ਦਾ ਬੜੀ ਸੁਹਿਰਦਤਾ ਨਾਲ ਪਾਲਣ ਕੀਤਾ। ਉਨਾਂ ਦੇ ਪ੍ਰਵਚਨਾਂ ਵਿਚ ਤਰਕ, ਦੇਸ਼ ਭਗਤੀ ਦੀ ਭਾਵਨਾ ਅਤੇ ਨਾਮਧਾਰੀ ਸੰਪਰਦਾਇ ਦੇ ਮਾਣ ਮੱਤੇ ਵਿਰਸੇ ਦਾ ਵਿਖਿਆਨ ਹੁੰਦਾ। ਉਨਾਂ ਦਾ ਸੁਭਾਅ ਵੇਖਣ ਨੂੰ ਅਤਿ ਕੋਮਲ, ਬਾਣੀ ਅਤੇ ਬਾਣੇ ਦੀ ਨਿਰਮਲਤਾ ਦੇ ਬਾਵਜੂਦ ਉਹ ਆਪਣੀ ਸੰਪਰਦਾਇ ਦੀ ਆਲੋਚਨਾ ਬਰਦਾਸ਼ਤ ਨਹੀਂ ਕਰ ਸਕਦੇ। ਉਹ ਹਮੇਸ਼ਾ ਮਾਸ, ਸ਼ਰਾਬ, ਸਿਗਰਟ ਸੇਵਨ ਅਤੇ ਨਸ਼ਿਆਂ ਖ਼ਿਲਾਫ਼ ਅਜਿਹੀਆਂ ਦਲੀਲਾਂ ਦਿੰਦੇ ਕਿ ਸਰੋਤਿਆਂ ਦਾ ਮਨੋਬਲ ਉੱਚਾ ਹੋ ਜਾਂਦਾ। ਨਾਮਧਾਰੀ ਦਰਬਾਰ ਅਤੇ ਦੇਸ਼-ਵਿਦੇਸ਼ ਦੀ ਨਾਮਧਾਰੀ ਸੰਗਤ ਵਿਚ ਆਪ ਜੀ ਨੂੰ ਉੱਘੇ ਵਿਦਵਾਨ ਅਤੇ ਪ੍ਰਚਾਰਕ ਵਜੋਂ ਮਾਣ ਸਨਮਾਨ ਮਿਲਦਾ ਰਿਹਾ। 5 ਜੂਨ 2008 ਨੂੰ ਪੰਡਿਤ ਜੀ ਇਸ ਫ਼ਾਨੀ ਦੁਨੀਆਂ ਨਾਲੋਂ ਨਾਤਾ ਤੋੜ ਕੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਰੱਬ ਨੂੰ ਪਿਆਰੇ ਹੋ ਗਏ।

**ਸੀ. ਮਾਰਕੰਡਾ**
**ਮਾਰਕੰਡਾ ਸਟਰੀਟ**
**ਤਪਾ ਮੰਡੀ (ਬਰਨਾਲਾ)**
**ਸੰਪਰਕ:94172-72161**

# ਕਾਵਿ-ਕਿਆਰੀ

## ਪੂਰਨ ਪ੍ਰਤਾਪ ਜਗਜੀਤ ਮਹਿ ਸਮਾਇ ਹੈਂ

ਪਾਵਨ, ਪਰਮ ਪੁਰਖ, ਪ੍ਰਬੀਨ, ਪ੍ਰਭੂ,
ਪਾਪਨ, ਪਖੰਡਨ ਕੋ ਤਾਪ ਰੂਪੀ ਤਾਪੀ ਥੇ।
ਮੋਹ, ਮਦ ਮਹਾਂਮਾਨ, ਮਲਨ, ਮਲੀਨ ਮਨ,
ਮਾਜਨ ਕਰਤ ਰੂਪ ਕੂਪ ਥੇ ਕਿ ਬਾਪੀ ਥੇ।
ਮਾਧਵ ਮਹਾਨ ਜੰਤ, ਮਧੂ ਸਮ, ਮੀਠੇ ਵਾਕ,
ਮਾਨ ਮੁਕੰਦ, ਮਗ ਮਾਨਨ ਕੋ ਥਾਪੀ ਥੇ।
ਪੂਰਨ ਪਾਰਬ੍ਰਹਮ, ਪਾਵਨ ਪ੍ਰੀਤ ਵਾਨ,
ਸ੍ਰੀ ਗੁਰੁ ਪ੍ਰਤਾਪ ਸਿੰਘ ਪੂਰਨ ਪ੍ਰਤਾਪੀ ਥੇ।
ਦਾਲਦ, ਦਰਦ ਦੁਖ, ਦੋਖਨ, ਦਲਤ ਸਦਾ,
ਦੀਨਨ ਕੋ ਦਯਾਲ ਕ੍ਰਿਪਾਲਨ ਸਹਾਇ ਹੈਂ।
ਮਿਤ੍ਰਨ ਕੋ ਪਾਲ ਹੈ ਕਿ ਦੀਨਨ ਦਯਾਲ ਹੈ ਕਿ,
ਸਦਾ ਪ੍ਰਿਤਪਾਲ ਜਮ ਜਾਲ ਕੇ ਛਡਾਇ ਹੈਂ।
ਮੋਹ, ਭਰਮ, ਅਘ, ਜਗ ਕਿਮਰ ਕੇ ਨਿਵਾਰਨ ਕੋ,
ਬਾਣੀ ਕੇ ਪ੍ਰਤਾਪ ਸੰਗ ਸੂਰਜ ਸੁਹਾਇ ਹੈਂ।
ਤੀਨੋਲੋਕ, ਤੀਨੋਕਾਲ, ਤੀਨੋਦੇਵ, ਤੀਨੋਪੁਰੀ,
ਸ੍ਰੀ ਗੁਰੁ ਪ੍ਰਤਾਪ ਸਿੰਘ ਅਲਖ ਲਗਾਇ ਹੈਂ।
ਪਰਮ ਦਯਾਲ ਹੈ ਕਿ ਪੂਰਨ ਕ੍ਰਿਪਾਲ ਹੈ ਕਿ,
ਸਭਨ ਕੋ ਮੂਲ ਹੈ ਕਿ ਮਿਤਰਨ ਕੀ ਰੀਤ ਹੈਂ।
ਆਦਿ ਹੈਂ, ਅਨਾਦਿ ਹੈਂ, ਅਗੋਚਰ ਅਗਾਧਿ ਹੈਂ,
ਕਿ ਪੂਰਨ ਮਰਜਾਦ ਸਤਿ ਸੰਗਤ ਪ੍ਰੀਤ ਹੈਂ।
ਸਚ, ਸੁਚ, ਸੋਧ, ਸੁਖ, ਸੰਪਤਿ, ਸਹਾਈ ਸਦਾ,
ਸਤਿ ਸੰਤੋਖ ਸੰਗ ਸਗਲਨ ਕੀਤ ਹੈਂ।
ਪੂਰਨ ਪਰਮ ਹੰਸ ਪੂਰਨ ਪ੍ਰਤਾਪ ਸਿੰਘ,
ਪੂਰਨ ਪ੍ਰਤਾਪ ਅਬ ਸਿੰਘ ਜਗਜੀਤ ਹੈਂ।
ਸਬਦ ਸੁਰਟ ਸੰਗ ਸਭ ਕੀ ਸੁਰਤ ਕੀਨ,
ਵਰਨੀ, ਹਵਨ, ਅਖੰਡ ਪਾਠਨ ਪ੍ਰਵਾਇ ਹੈਂ।
ਸੁੰਦਰ ਹੈ ਸੂਰਤ ਸਭ ਗੁਣ ਪੂਰਤ ਹੈ,
ਜਮ ਕੋ ਜਿਉਂ ਘੂਰਤ ਸੁ ਐਸੇ ਪ੍ਰਭਤਾਇ ਹੈਂ।
ਪਰਮ ਦਯਾਲ ਲਾਲ ਲੋਚਨ ਬਿਸਾਲ ਮੁਖ,
ਬਚਨ ਰਸਾਲ ਮਾਨੋ ਅੰਮ੍ਰਿਤ ਪਿਆਇ ਹੈਂ।
ਪਰੀ ਪੂਰਨ, ਪੂਰਨ ਸੰਪੂਰਨ ਪ੍ਰਤਾਪ ਸਿੰਘ,
ਪੂਰਨ ਪ੍ਰਤਾਪ ਜਗਜੀਤ ਮਹਿ ਸਮਾਇ ਹੈਂ।

------


**-(ਲਾਭ ਸਿੰਘ ਜੀ ਅਮੋਲਕ ਨਾਭਾ)**

## ਹੈ ਜਗਜੀਤ ਦੇ ਵਿੱਚ ਪ੍ਰਤਾਪ ਬੈਠਾ ॥

ਸਬਰ ਕਰ ਕਿਉਂ 'ਬਾਲਮਾ' ਭਰੇਂ ਹਉਕੇ,
ਮੇਰਾ ਕਰ ਦੀਦਾਰ ਜਗਜੀਤ ਵਿੱਚੋਂ॥
ਮੇਰੇ ਪਿਆਰ ਦਾ ਸੱਚਾ ਜੇ ਹੈਂ ਆਸ਼ਿਕ,
ਤੱਕ ਪਿਆਰਿਆ ਪਿਆਰ ਜਗਜੀਤ ਵਿੱਚੋਂ॥
ਮੈਂ ਹੱਸਾਂ ਜਗਜੀਤ ਦੇ ਹਾਸਿਆਂ ਵਿੱਚ,
ਮੇਰੀ ਤੱਕ ਨੁਹਾਰ ਜਗਜੀਤ ਵਿੱਚੋਂ॥
ਫ਼ਲਿਆ ਫ਼ੁਲਿਆ ਮੈਂ ਜਗਜੀਤ ਅੰਦਰ,
ਮਹਿਕੀ ਵੇਖ ਬਹਾਰ ਜਗਜੀਤ ਵਿੱਚੋਂ॥
ਮੇਰੀ ਪ੍ਰੀਤ ਦੇ ਪ੍ਰੇਮੀਆਂ ਵੇਖ ਤਾਂ ਸਹੀ,
ਮੇਰੀ ਪ੍ਰੀਤ ਹਈ ਇਸਦੀ ਪ੍ਰੀਤ ਅੰਦਰ ॥
ਅੱਖਾਂ ਹਈ ਤਾਂ ਆਖਿਆ ਮੰਨ ਮੇਰਾ,
ਮੈਨੂੰ ਵੇਖ ਲੈ ਗੁਰੂ ਜਗਜੀਤ ਅੰਦਰ ॥
ਪਾ ਕੇ ਵਿੱਚ ਬੇਅੰਤ, ਬੇਅੰਤ ਸ਼ਕਤੀ,।
ਇਸਦੀ ਸ਼ਕਤਿ ਵਿੱਚ ਸ਼ਕਤਿ ਅਭੀਤ ਬਣਸਾਂ।
ਚੋਲਾ ਬਦਲ ਕੇ ਰਹਿਸਾਂ ਜਗਜੀਤ ਅੰਦਰ,
ਰੱਬ ਵਾਲੀਆਂ ਅੱਖਾਂ ਪਹਿਚਾਨ ਕਰਸਨ ॥
ਸਾਫ਼ ਨਜ਼ਰਾਂ ਕਰਨ ਦੀਦਾਰ ਮੇਰਾ,
ਅੱਖਾਂ ਮੈਲੀਆਂ ਮੈਲੇ ਭੰਡਾਰ ਭਰਸਨ ॥
ਕੀ ਇਹ ਸੱਚ ਨਹੀਂ ਕੋਠੀਉਂ ਜਾਣ ਵੇਲੇ,
ਮੈਂ ਕਿਹਾ ਸੀ ਕਾਰ ਮੁਖਤਾਰ ਹੈ ਇਹ ॥
ਮੇਰੇ ਮਗਰੋਂ ਕਰੇਗਾ ਕਾਰ ਮੇਰੀ,
ਸਿੱਖਾਂ ਸੰਗਤਾਂ ਲਈ ਸਰਕਾਰ ਹੈ ਇਹ ॥
ਜੁੰਮੇਵਾਰੀਆਂ ਏਸਨੂੰ ਸੌਂਪੀਆਂ ਮੈਂ,
ਜੁੰਮੇਵਰੀਆਂ ਦਾ ਜ਼ਿੰਮੇਵਾਰ ਹੈ ਇਹ ॥
ਨਿਸ਼ਚਾ ਏਸ ਤੇ ਰੱਖੋ ਤੇ ਸੁਖ ਮਾਣੋ,
ਸਰਬ ਸੁੱਖਾਂ ਦਾ ਸੱਚਾ ਭੰਡਾਰ ਹੈ ਇਹ ॥
ਇਸਦੇ ਕਹਿਣ ਵਿੱਚ ਕਰਨੀਆਂ ਕੁੱਲ ਕਾਰਾਂ,
ਹੁਣ ਗੁਰੂ ਜਗਜੀਤ ਪ੍ਰਤਾਪ ਬਣਿਆ॥
ਪੰਥ ਸਾਰਾ ਹੈ ਇਸਦਾ ਪੁੱਤ ਪੋਤਾ,
ਏਹੋ ਪੰਥ ਦਾ ਸਤਿਗੁਰੂ ਬਾਪ ਬਣਿਆ ॥
ਮੁਕਤ ਜੁਗਤ ਦੀ ਜੇਕਰਾਂ ਲੋੜ ਹੋਵੇ,
ਤਾਂ ਜਗਜੀਤ ਨੂੰ ਧੌਣ ਝੁਕਾਈ ਰੱਖਿਓ ॥
ਹੈ ਬੇਅੰਤ ਨਾ ਏਸਦਾ ਅੰਤ ਕੋਈ ,
ਇਸ ਵਿੱਚ ਬੇਅੰਤ ਪ੍ਰਭ ਆਪ ਬੈਠਾ ॥
'ਬਾਲਮ' ਗਲ ਵਿੱਚ ਪਾ ਕੇ ਢੋਲ ਕਹਿ ਦੇ,
ਹੈ ਜਗਜੀਤ ਦੇ ਵਿੱਚ ਪ੍ਰਤਾਪ ਬੈਠਾ ॥

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸਾਧ-ਸੰਗਤ ਆਪਣੇ ਨੇਮ ਅਨੁਸਾਰ ਕੀਰਤਨ ਤੇ ਨਿੱਤਨੇਮ ਕਰਦੀ ਤੇ ਇਸ ਦੌਰੇ ਸਮੇਂ ਸੱਤ ਬੀਬੀਆਂ ਵੱਲੋਂ ਅਰਜ਼ ਕੀਤੀ ਗਈ ਸੀ ਕਿ ਨਿਮਾਣੀ ਦਾ ਮੇਲਾ ਬੰਕੋਕ ਵਿਖੇ ਪ੍ਰਵਾਨ ਕੀਤਾ ਜਾਏ , ਸੋ ਇਹ ਬੇਨਤੀ ਪ੍ਰਵਾਨ ਕੀਤੀ ਗਈ। ਇਹ ਬੀਬੀਆਂ ਸੰਤ ਫੂਲਾ ਸਿੰਘ ਦੀਆਂ ਪੰਜ ਸਪੁੱਤਰੀਆਂ ਅਤੇ ਦੋ ਪੋਤਰੀਆਂ ਸਨ। ਸੰਗਤ ਵਿੱਚ ਚਾਉ ਸੀ ਕਿ ਫਿਰ ਜਲਦੀ ਸਤਿਗੁਰੂ ਜੀ ਦੇ ਦਰਸ਼ਨ ਹੋਣਗੇ।

ਸੋ ਗਰੀਬ-ਨਿਵਾਜ਼ ਜੀ ਸੰਤ ਰਤਨ ਸਿੰਘ, ਭਾਈ ਵਜੀਰ ਸਿੰਘ ਜੀ, ਸੰਤ ਦਰਸ਼ਨ ਸਿੰਘ, ਖੜਕ ਸਿੰਘ ਜੀ ਨੇ ਬੰਕੋਕ ਦੀ ਧਰਤੀ ਨੂੰ ਫਿਰ 20-6-1953 ਨੂੰ ਭਾਗ ਲਾਏ। ਇਨ੍ਹਾਂ ਦਿਨਾਂ ਵਿੱਚ ਸ਼ਾਮ ਦੇ ਦੀਵਾਨ ਦੋ ਦਿਨ ਹਿੰਦੂ ਸਮਾਜ ਦੇ ਹਾਲ ਵਿਖੇ ਲੱਗੇ ਤੇ ਬਾਕੀ ਦੀਵਾਨ ਨਾਮਧਾਰੀ ਧਰਮਸ਼ਾਲਾ ਵਿਖੇ ਲੱਗਦੇ ਰਹੇ, ਤੇ ਗਰੀਬ-ਨਿਵਾਜ਼ ਜੀ ਉਪਦੇਸ਼ ਦੇ ਕੇ ਸਾਧ-ਸੰਗਤ ਨੂੰ ਨਿਵਾਜਦੇ ਜੋ ਉਸ ਵੇਲੇ ਰੀਕਾਰਡ ਕੀਤੇ ਜਾਂਦੇ ਰਹੇ। ਸਾਧ-ਸੰਗਤ ਵਿੱਚ ਸ੍ਰੀ ਸਤਿਗੁਰੂ ਜੀ ਦੇ ਚਰਨ-ਕੰਵਲਾਂ ਦਾ ਪਿਆਰ ਅੱਗੇ ਨਾਲੋਂ ਵੀ ਜ਼ਿਆਦਾ ਸੀ ਤੇ ਇਸ ਸਾਲ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਦੀ ਅਗਵਾਈ ਹੇਠ ਨਾਮਧਾਰੀ ਧਰਮਸ਼ਾਲਾ ਵਿਖੇ ਜਪ-ਪ੍ਰਯੋਗ ਦੀ ਵਰਨੀ 2 ਭਾਦੋਂ ਸੰਤ 2010 ਮੁਤਾਬਿਕ 23 ਅਗਸਤ 1953 ਨੂੰ ਆਰੰਭ ਕੀਤੀ ਗਈ ਜੋ ਇਸ ਪ੍ਰੋਗਰਾਮ ਨੂੰ ਇਸ ਪ੍ਰਕਾਰ ਰੱਖਿਆ ਗਿਆ। 2 ਭਾਦੋਂ ਸਵੇਰੇ ਐਤਵਾਰ ਵਾਲੇ ਦਿਨ ਅੰਮ੍ਰਿਤ ਵੇਲੇ 4 ਵਜੇ ਸ਼ੁਰੂ ਕੀਤੀ ਜੋ ਇੱਕ ਸਰੀਰ ਹਰ ਦੋ ਘੰਟੇ ਬਾਅਦ ਬਦਲੀ ਕੀਤਾ ਜਾਂਦਾ ਤੇ ਇਹ ਸਿਲਸਿਲਾ 22 ਭਾਦੋਂ ਤੱਕ ਜਾਰੀ ਰਿਹਾ ਤੇ ਫਿਰ ਇਸ ਦਿਨ ਤੋਂ ਦੋ ਸਰੀਰ ਇਕੱਠੇ ਬੈਠਕੇ ਭਜਨ, ਨਾਮ ਸਿਮਰਨ ਕਰਦੇ ਤੇ ਦੋ ਘੰਟੇ ਬਾਅਦ ਰੌਲ ਬਦਲੀ ਹੁੰਦੀ ਤੇ ਇਸ ਤਰ੍ਹਾਂ ਨਾਮ ਸਿਮਰਨ ਦੀ ਅਖੰਡ ਵਰਨੀ ਚੱਲ ਰਹੀ ਸੀ। 26 ਭਾਦੋਂ ਐਤਵਾਰ ਤੋਂ ਤਿੰਨ ਸਰੀਰ ਹਰ ਦੋ ਘੰਟੇ ਤੀਕ ਬੈਠਦੇ ਰਹੇ ਤੇ ਹੋਰ ਬਦਲੀ ਹੁੰਦੇ ਤੇ ਫਿਰ 1 ਅੱਸੂ ਅੰਮ੍ਰਿਤ ਵੇਲੇ ਚਾਰ ਵਜੇ ਤੋਂ ਚਾਰ ਸਰੀਰ ਇਕੱਠੇ ਬੈਠਕੇ ਨਾਮ ਸਿਮਰਨ ਕਰਦੇ ਤੇ ਹਰ ਦੋ ਘੰਟੇ ਬਾਅਦ ਰੌਲ ਬਦਲੀ ਹੁੰਦੀ ਤੇ ਇਸ ਤਰ੍ਹਾਂ 4 ਅੱਸੂ ਤੋਂ ਅੰਮ੍ਰਿਤ ਵੇਲੇ ਪੰਜ ਸਰੀਰ ਇਕੱਠੇ ਇਸ ਭਜਨ ਦੀ ਵਰਨੀ ਵਿੱਚ ਬੈਠਣੇ ਸ਼ੁਰੂ ਹੋਏ। ਸਾਧ-ਸੰਗਤ ਵਿੱਚ ਏਨਾ ਉਤਸ਼ਾਹ ਸੀ ਕਿ ਇਸ ਨੂੰ ਕਲਮ ਰਾਹੀਂ ਨਹੀਂ ਲਿਖਿਆ ਜਾ ਸਕਦਾ ਤੇ ਇਸ ਨਾਮ ਸਿਮਰਨ ਦੇ ਪ੍ਰਯੋਗ ਦੇ ਨਾਲ ਸਾਧ ਸੰਗਤ ਵੱਲੋਂ 7 ਅੱਸੂ ਮੰਗਲਵਾਰ ਸ਼ਾਮ ਦੇ ਸਵਾ ਚਾਰ ਵਜੇ ਅਖੰਡ ਪਾਠ ਦੀ ਆਰੰਭਤਾ ਕੀਤੀ ਗਈ ਤੇ ਦੂਜੇ ਦਿਨ 8 ਅੱਸੂ ਨੂੰ ਅੰਮ੍ਰਿਤ ਵੇਲੇ 2 ਵਜੇ ਸੰਤ ਫੂਲਾ ਸਿੰਘ, ਗੁਰਬਖਸ਼ ਸਿੰਘ ਦੀ ਫ਼ਰਮ ਵੱਲੋਂ ਦੋ ਹੋਰ ਅਖੰਡ ਪਾਠਾਂ ਦੀ ਆਰੰਭਤਾ ਕੀਤੀ ਗਈ ਤੇ ਇਸ ਦੇ ਨਾਲ ਅਖੰਡ ਵਰਨੀ ਵੀ ਜਾਰੀ ਸੀ। ਇਸਦੇ ਨਾਲ-ਨਾਲ ਰੋਜ਼ਾਨਾ 8 ਭਾਦਰੋਂ ਤੋਂ ਸਾਧ-ਸੰਗਤ ਵੱਲੋਂ ਅੰਮ੍ਰਿਤ ਵੇਲੇ 4 ਵਜੇ ਤੋਂ 6 ਵਜੇ ਤੱਕ ਨਾਮ ਸਿਮਰਨ ਵੀ ਹੁੰਦਾ ਰਿਹਾ ਅਤੇ ਇਸ ਸਾਰੇ ਮੇਲੇ ਦਾ ਭੋਗ ਨਾਮ ਸਿਮਰਨ, ਅਖੰਡ ਵਰਨੀ, ਅਖੰਡ ਪਾਠਾਂ ਦੇ ਭੋਗ 9 ਅੱਸੂ ਨੂੰ ਅੰਮ੍ਰਿਤ ਵੇਲੇ ਪੂਰੇ ਪੰਜ ਵਜੇ ਪਾਇਆ ਗਿਆ। ਇਹ ਸਾਰਾ ਕਾਰਜ ਪ੍ਰਦੇਸੀ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਸੀ।

ਇਸ ਤੋਂ ਬਾਅਦ ਕੀਰਤਨੀ ਜੱਥੇ ਨੇ ਵਾਰੇ ਦੇ ਰੂਪ ਵਿੱਚ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਇਸ ਵਿੱਚ ਕਿੰਨਾ ਕੁ ਅਨੰਦ ਸੀ ਕਿ ਇਸ ਵਾਰੇ ਦਾ ਭੋਗ ਸਾਢੇ ਨੌਂ ਵਜੇ ਪਾਇਆ ਗਿਆ ਤੇ ਮੇਲਾ ਵੀ ਬੰਕੋਕ ਦੀ ਸੰਗਤ ਦਾ ਇੱਕ ਯਾਦਾਂ ਭਰਿਆ ਦਿਵਸ ਕਦੇ ਵੀ ਨਹੀਂ ਭੁੱਲਣਾ ਅਤੇ ਇਸ ਵਿੱਚ 112 ਸਰੀਰਾਂ ਨੇ ਨਿੱਤ-ਨੇਮ ਵਿੱਚ ਹਿਸਾ ਲਿਆ ਸੀ ਜਿਸ ਵਿੱਚ 11-12 ਸਾਲਾਂ ਦੇ ਨੌਜਵਾਨ ਬੱਚੇ ਵੀ ਸਨ ਤੇ ਮਾਈਆਂ ਬੀਬੀਆਂ ਦਾ ਇਸ ਵਿੱਚ ਕੋਈ ਹਿੱਸਾ ਨਹੀਂ ਸੀ। ਇਨਾਂ ਦਿਨ੍ਹਾਂ ਨਾਮ ਵੀ ਲਿਖੇ ਹੋਏ ਹਨ, ਜੋ ਸੰਕੋਚ ਵਜੋਂ ਇੱਥੇ ਨਹੀਂ ਲਿਖ ਰਿਹਾ। (ਖ਼ਾਸ ਨੋਟ :- ਮੈਂ ਪਿੱਛੇ ਲਿਖਣਾ ਛੱਡ ਆਇਆ ਹਾਂ ਕਿ ਨਿਮਾਣੀ ਦੇ ਮੇਲੇ ਸਮੇਂ ਖਜਾਨ ਸਿੰਘ 'ਇਨਸਾਫ਼' ਦੀ ਧਰਮ ਪਤਨੀ ਸ੍ਰੀ ਮਤੀ ਮਹੰਤ ਕੌਰ ਦਾ ਭੋਗ 25-6-1953 ਨੂੰ ਪਿਆ ਸੀ। ਇਸ ਸਮੇਂ ਗਰੀਬ ਨਿਵਾਜ਼ ਜੀ ਨੇ ਹੁਕਮ ਕੀਤਾ ਸੀ ਕਿ ਮਾਤਾ ਦੇ ਭੋਗ ਸਮੇਂ ਦਸਤਾਰ ਨਹੀਂ ਬੰਨ੍ਹੀ ਜਾਂਦੀ। ਦਸਤਾਰ ਕੇਵਲ ਪਿਤਾ ਜੀ ਦੀ ਥਾਂ ਇੱਕ ਜੁੰਮੇਵਾਰੀ ਹੁੰਦੀ ਹੈ ਜੋ ਉਸ ਵੇਲੇ ਬੰਨ੍ਹੀ ਜਾਂਦੀ ਹੈ। ਇਸ ਦੌਰੇ ਤੋਂ ਬਾਅਦ ਦੇਸ਼ ਜਾਣ ਦੀ ਵਾਪਸੀ 27-6-1953 ਨੂੰ ਹੋਈ ਸੀ।

ਅਗਲੇ ਸਾਲ ਬਸੰਤ ਦਾ ਮੇਲਾ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਵੱਲੋਂ ਨਿਯਤ ਹੋਇਆ ਸੀ ਤੇ ਸਾਧ-ਸੰਗਤ ਵਿੱਚ ਪ੍ਰੇਮ ਅਤੇ ਚਾਉ ਬੜਾ ਸੀ। ਸੰਨ 1944-45 ਦਾ ਇੱਕ ਭੁੱਲਿਆ ਹੋਇਆ ਬਚਨ ਯਾਦ ਆਉਣ 'ਤੇ ਫਿਰ ਲਿਖ ਰਿਹਾ ਹਾਂ ਜੋ ਇਸ ਪ੍ਰਕਾਰ ਹੈ ਕਿ ਸਾਧ-ਸੰਗਤ ਵਿੱਚ ਮਰਯਾਦਾ ਦਾ ਕਿੰਨਾ ਧਿਆਨ ਹੁੰਦਾ ਸੀ। ਸ. ਹਰਨਾਮ ਸਿੰਘ 'ਲਾਲਾ ਸਟੋਰ' ਨੇ ਸਾਧ-ਸੰਗਤ ਵਿੱਚ ਅਰਜ਼ ਕੀਤੀ ਕਿ ਮੇਰੇ ਗ੍ਰਹਿ ਵਿਖੇ ਵਰਨੀ ਪਾਠ ਕੀਤਾ ਜਾਵੇ ਤਾਂ ਸੰਤ ਪਰਤਾਪ ਸਿੰਘ 'ਮਸਤਾਨਾ' ਜੀ ਨੇ ਸਾਧਸੰਗਤ ਵਿੱਚ ਬਿਨਾਂ ਵਿਚਾਰ ਕੀਤੇ ਇਸ ਦੀ

ਅਰਜ਼ ਨੂੰ ਪ੍ਰਵਾਨ ਕਰਕੇ ਕਿਸੇ ਆਉਂਦੇ ਐਤਵਾਰ ਨੂੰ ਇਸ ਪਾਠ ਕਰਨ ਦਾ ਐਲਾਨ ਕਰ ਦਿੱਤਾ। ਉਸ ਸਮੇਂ ਇਸਦਾ ਬੰਗਲਾ ਸੌਦੇ ਪਰਾਸਾਨ ਮਿਟ ਗਲੀ ਵਿਖੇ ਸੀ।

'ਮਸਤਾਨਾ' ਜੀ ਪਾਸੋਂ ਐਲਾਨ ਸੁਣਕੇ ਬਹੁਤ ਸਾਰੇ ਸਰੀਰਾਂ (ਖ਼ਾਸ ਕਰਕੇ ਕੀਰਤਨੀ ਜੱਥੇ) ਨੇ ਇਤਰਾਜ਼ ਕੀਤਾ ਕਿ ਇਹ ਲਾਲਾ ਸਟੋਰ ਵਾਲਾ ਖੁੱਲਾ ਖਾ-ਪੀ ਲੈਂਦਾ ਹੈ ਤੇ ਇਸਦਾ ਐਲਾਨ ਕਿਉਂ ਕੀਤਾ ਗਿਆ? ਇੱਥੇ ਇਹ ਗੱਲ ਖ਼ਾਸ ਵਰਣਨਯੋਗ ਹੈ ਕਿ ਕੀਰਤਨੀ ਜਥੇ ਵਿਚ ਸੰਤ ਦਿਆਲ ਸਿੰਘ ਮਨਚੰਦਾ ਤੇ ਲਾਭ ਸਿੰਘ ਸੇਠੀ ਇਨ੍ਹਾਂ ਦੋਹਾਂ ਦੇ ਘਰ ਸਿਆਮਣਾਂ ਸਨ ਪਰ ਇਨ੍ਹਾਂ ਦਾ ਖਾਣ-ਪੀਣ ਦਾ ਪੂਰਾ ਪ੍ਰਹੇਜ਼ ਸੀ। ਸੋ ਸਾਧ-ਸੰਗਤ ਵਿੱਚ ਇਤਰਾਜ਼ ਹੋਣ 'ਤੇ ਪਹਿਲਾਂ ਤਾਂ ਇਸਨੇ ਇਨਕਾਰ ਕੀਤਾ ਕਿ ਮੈਂ ਇਸ ਗ਼ਲਤੀ ਦੀ ਬਖ਼ਸ਼ਿਸ਼ ਮੰਗ ਲਈ ਹੈ, ਤੇ ਫਿਰ ਇਸਦਾ ਸੇਵਨ ਨਹੀਂ ਕੀਤਾ ਪਰ ਸਾਧ-ਸੰਗਤ ਵਿੱਚ ਆ ਕੇ ਦੁਬਾਰਾ ਕੀਤੀ ਭੁੱਲ ਨੂੰ ਪ੍ਰਵਾਨ ਕਰ ਲਿਆ ਤੇ ਸਾਧ-ਸੰਗਤ ਵਿੱਚ ਖਲੋ ਕੇ ਬਖ਼ਸ਼ਿਸ਼ ਮੰਗ ਲਈ ਤੇ ਨਾਲ ਹੀ ਇੱਕ ਹੋਰ ਮੰਗ ਮੰਗੀ ਕਿ ਜੋ ਸਾਧ ਸੰਗਤ ਮੇਰੇ ਘਰ ਵਰਨੀ ਪਾਠ ਕਰਨ ਤੋਂ ਬਾਅਦ ਕੀਰਤਨ ਵੀ ਕਰੇ ਤਾਂ ਮੇਰਾ ਮਨ ਰਾਜ਼ੀ ਹੋਵੇਗਾ। ਸੋ ਇਸਦੇ ਗ੍ਰਿਹਿ ਵਿਖੇ ਪਾਠ ਕੀਤਾ ਗਿਆ ਤੇ ਕੀਰਤਨ ਦਾ ਵੀ ਬਹੁਤ ਰਸ ਬੱਝਾ। ਮਸਤਾਨਾ ਜੀ ਨੇ ਮਸਤੀ ਵਿੱਚ ਆ ਕੇ ਰੰਗ ਬੰਨ੍ਹ ਦਿੱਤਾ ਤੇ ਘਰ ਵਾਲਿਆਂ ਨੇ ਖ਼ੁਸ਼ੀ ਪ੍ਰਾਪਤ ਕੀਤੀ ਤੇ ਸਾਧ-ਸੰਗਤ ਦੀ ਸੇਵਾ ਕਰਨ ਵਿੱਚ ਕੋਈ ਕਸਰ ਨਾ ਛੱਡੀ। ਇਹ ਸਭ ਸਤਿਗੁਰੂ ਜੀ ਦੀ ਵੱਡੀ ਬਖ਼ਸ਼ਿਸ਼ ਸੀ।

ਨੋਟ :- ਇਥੇ ਇਹ ਹੋਰ ਪੁਰਾਣਾ ਬਚਨ ਯਾਦ ਆਉਣ 'ਤੇ ਲਿਖ ਰਿਹਾ ਹਾਂ ਜੋ ਇਸ ਪ੍ਰਕਾਰ ਹੈ:- ਸੰਤ ਦਿਆਲ ਸਿੰਘ ਮਨਚੰਦਾ ਮੇਰੇ ਪਿਤਾ ਜੀ ਦਾ ਸਕਾ ਭਤੀਜਾ ਸੀ ਪਰ ਸੰਨ 1942 ਵਿੱਚ ਕਿਸੇ ਦੀ ਕੁਸੰਗਤ ਕਰਕੇ ਇਸਨੇ ਆਪਣੇ ਕੇਸ ਕਟਾ ਦਿੱਤੇ। ਪਿਤਾ ਜੀ ਨੂੰ ਪਹਿਲੋਂ ਹੀ ਕਨਸੋਅ ਪੈ ਗਈ ਸੀ ਤੇ ਇਸਨੂੰ ਇਸਤੋਂ ਵਰਜਨ ਲਈ ਗਏ ਪਰ ਇਹਨਾਂ ਦੇ ਜਾਣ ਤੋਂ ਪਹਿਲਾਂ ਹੀ ਇਹ ਪਤਿਤ ਹੋ ਚੁੱਕਾ ਸੀ। ਪਿਤਾ ਜੀ ਬਹੁਤ ਪ੍ਰੇਸ਼ਾਨ ਹੋਏ ਤੇ ਘਰ ਵਿੱਚ ਆ ਕੇ ਉਹਨਾਂ ਨੇ ਇਹ ਫ਼ੈਸਲਾ ਕੀਤਾ ਕਿ ਇਸਦੇ ਨਾਲ ਘਰ ਦਾ ਕੋਈ ਜੀਅ ਨਾ ਬੋਲੇ ਤੇ ਨਾ ਹੀ ਵਰਤੇ ਤਾਂ ਉਸ ਵੇਲੇ ਸੰਤ ਕਿਰਪਾਲ ਸਿੰਘ ਮਨਚੰਦਾ (ਮੇਰੇ ਵੱਡੇ ਭਰਾ) ਨੇ ਇੱਕ ਹੋਰ ਸੁਝਾਉ ਦਿੱਤਾ ਕਿ ਕੋਈ ਵੀ ਨਾਮਧਾਰੀ ਪਰਿਵਾਰ, ਜਿਹੜਾ ਉਸ ਨਾਲ ਵਰਤੇਗਾ, ਅਸੀਂ ਉਸ ਦੇ ਨਾਲ ਨਹੀਂ ਵਰਤਾਂਗੇ। ਥੋੜ੍ਹੇ ਦਿਨਾਂ ਬਾਅਦ ਸੰਤ ਪਰਤਾਪ ਸਿੰਘ ਮਸਤਾਨਾ ਦੀ ਲੜਕੀ ਦਾ ਆਨੰਦ ਕਾਰਜ ਸੰਤ ਹਰਨਾਮ ਸਿੰਘ 'ਬੋਰੇ ਪਿਆਰੇ' ਦੇ ਲੜਕੇ ਨਾਲ ਹੋਣਾ ਸੀ। ਉਸ ਸਮੇਂ ਬੋਰਿਆਂ ਵਾਲੇ ਨੇ ਵਿਆਹ ਦੇ ਕਾਰਡ ਵੰਡੇ ਤੇ ਇੱਕ ਕਾਰਡ ਸਾਡੇ ਘਰ ਵੀ ਆਇਆ। ਇਹ ਪਿਤਾ ਜੀ ਦੇ ਬਹੁਤ ਪੁਰਾਣੇ ਮਿੱਤਰ ਸਨ। ਨਾਲ ਹੀ ਇਹਨਾਂ ਨੇ ਇੱਕ ਕਾਰਡ ਦਿਆਲ ਸਿੰਘ ਦੇ ਨਾਮ 'ਤੇ ਵੀ ਭੇਜਿਆ ਤਾਂ ਪਿਤਾ ਜੀ ਤੇ ਭਰਾ ਜੀ ਉਸੇ ਵੇਲੇ ਬੋਰਿਆਂ ਵਾਲੇ ਦੇ ਘਰ ਜਾ ਕੇ ਉਸਨੂੰ ਕਾਰਡ ਵਾਪਸ ਕਰਦਿਆਂ ਕਿਹਾ ਕਿ ਅਸੀਂ ਉਸ ਕਾਰਜ ਵਿੱਚ ਹਿੱਸਾ ਨਹੀਂ ਲਵਾਂਗੇ ਜਿੱਥੇ ਦਿਆਲ ਸਿੰਘ ਨੇ ਵੀ ਜਾਣਾ ਹੈ। ਇਹ ਖ਼ਬਰ ਸੰਤ ਪਰਤਾਪ ਸਿੰਘ ਮਸਤਾਨਾ ਜੀ ਨੂੰ ਵੀ ਲੱਗ ਗਈ ਅਤੇ ਹੋਰ ਵੀ ਕਿਸੇ ਦੇ ਜ਼ੋਰ ਦੇਣ 'ਤੇ ਇਨ੍ਹਾਂ ਨੇ ਦਿਆਲ ਸਿੰਘ ਨੂੰ ਦਿੱਤਾ ਕਾਰਡ ਵਾਪਿਸ ਮੰਗਵਾਇਆ ਤੇ ਨਾਲ ਹੀ ਕਹਿ ਦਿੱਤਾ ਕਿ "ਸ਼ਾਦੀ ਵੇਲੇ ਤੂੰ ਸ਼ਾਮਿਲ ਨਹੀਂ ਹੋ ਸਕਦਾ।"

ਸੋ ਇਸ ਗੱਲ ਦਾ ਇਹ ਅਸਰ ਹੋਇਆ ਕਿ ਕੋਈ ਵੀ ਉਸਨੂੰ ਰਾਹ ਵਿੱਚ ਮਿਲਣ 'ਤੇ ਸਤਿ ਸ੍ਰੀ ਅਕਾਲ ਬੁਲਾਉਣੋਂ ਰਹਿ ਗਿਆ ਤਾਂ ਉਸਨੇ ਕਿਸੇ ਦੇ ਹੱਥ ਸੁਨੇਹਾ ਭੇਜਿਆ ਕਿ ਮੈਂ ਬਖ਼ਸ਼ਿਸ਼ ਮੰਗਣੀ ਹੈ। ਉਸਨੂੰ ਕਹਿ ਭੇਜਿਆ ਗਿਆ ਕਿ ਪਹਿਲਾਂ ਕੁਝ ਦਿਨ ਕੇਸ ਰੱਖਕੇ ਦਸਤਾਰ ਸਿੱਧੀ ਬੰਨ੍ਹ ਕੇ ਸਾਧ-ਸੰਗਤ ਵਿੱਚ ਆਵੇ ਤੇ ਬਖ਼ਸ਼ਿਸ਼ ਮੰਗ ਕੇ ਅੰਮ੍ਰਿਤ ਛਕੇ। ਫੇਰ ਤੇਰਾ ਸਾਧ-ਸੰਗਤ ਵਿੱਚ ਮਿਲਾਪ ਹੋ ਸਕਦਾ ਹੈ। ਉਸਨੇ ਇਸੇ ਤਰ੍ਹਾਂ ਕੀਤਾ ਤੇ ਫਿਰ ਗੁਰਸਿੱਖ ਬਣਕੇ ਬਾਕੀ ਸਾਰੀ ਆਯੂ ਸਾਧ-ਸੰਗਤ ਵਿੱਚ ਢੋਲਕ ਵਜਾਉਂਦਿਆਂ, ਕੀਰਤਨ ਕਰਦਿਆਂ ਅਤੇ ਪਾਠ ਕਰਦਿਆਂ ਗੁਜ਼ਾਰੀ ਤੇ ਸਨ 1978 ਦੀ ਪੰਜ ਮਈ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰਕੇ ਗੁਰ-ਪੁਰੀ ਸਿਧਾਰ ਗਿਆ।

ਸੋ ਪਿੱਛੇ ਮੈਂ ਲਿਖਿਆ ਹੈ ਕਿ ਸੰਨ 1954 ਦੀ ਬਸੰਤ ਦੇ ਮੇਲੇ ਦੀ ਪ੍ਰਵਾਨਗੀ ਗਰੀਬ-ਨਿਵਾਜ਼ ਜੀ ਨੇ ਸੇਠ ਫੂਲਾ ਸਿੰਘ, ਗੁਰਬਖਸ਼ ਸਿੰਘ ਦੀ ਫ਼ਰਮ ਨੂੰ ਦਿੱਤੀ ਸੀ। ਸਾਧ-ਸੰਗਤ ਵਿੱਚ ਕੀਰਤਨੀ ਜਥੇ ਦਾ ਪਿਆਰ ਉਸੇ ਤਰ੍ਹਾਂ ਸੀ ਤੇ ਰੋਜ਼ਾਨਾ ਨਿੱਤਨੇਮ ਸਮੇਂ ਸ੍ਰੀ ਸਤਿਗੁਰੂ ਜੀ ਦੇ ਰੀਕਾਰਡ ਕੀਤੇ ਉਪਦੇਸ਼, ਜੋ ਪਿਛਲੇ ਦੌਰਿਆਂ ਸਮੇਂ ਉਚਾਰਨ ਕੀਤੇ ਹੋਏ ਸਨ, ਉਹ ਸਰਵਣ ਕਰਾਉਂਦੇ ਤੇ ਇਸ ਤਰ੍ਹਾਂ ਇਹ ਸਮਾਂ ਬੀਤ ਰਿਹਾ ਸੀ ਤੇ ਸੰਨ 1954 ਵਿੱਚ ਸ੍ਰੀ ਸਤਿਗੁਰੂ ਜੀ, ਹਜ਼ੂਰੀ ਸੇਵਕ, ਰਾਗੀ ਜਥੇ ਸਮੇਤ 7 ਫ਼ਰਵਰੀ ਨੂੰ ਦਰਸ਼ਨ ਦਿੱਤੇ ਅਤੇ ਇਸ ਦੌਰੇ 'ਤੇ ਇਸ ਤੋਂ ਪਿਛਲੇ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦਾ ਡੇਰਾ ਸੇਠ ਮੋਹਰ ਸਿੰਘ ਜੀ ਦੇ ਬੰਗਲੇ ਸੀ, ਫੱਯਾ ਰੋਡ ਦੇ ਕੋਲ ਨਰੇਸ਼ ਰੋਡ 'ਤੇ। ਉਹਨਾਂ ਦਿਨਾਂ ਵਿੱਚ ਮੋਟਰਾਂ ਦੀ ਆਵਾਜਾਈ ਘੱਟ ਹੋਣ ਕਰਕੇ ਸਾਧ-ਸੰਗਤ ਨੂੰ ਡੇਰੇ ਜਾ ਕੇ ਦਰਸ਼ਨ ਕਰਨ ਦੀ ਬੜੀ ਸਹੂਲਤ ਸੀ। ਡੇਰੇ ਵਿਖੇ ਸੰਗਤ 9 ਤੇ 10 ਦੇ ਦਰਮਿਆਨ ਸਵੇਰੇ ਪਹੁੰਚਦੀ। ਗਰੀਬ-ਨਿਵਾਜ਼ ਜੀ ਦੇ ਇੱਥੇ ਖੁੱਲ੍ਹੇ ਦਰਸ਼ਨ ਹੁੰਦੇ। ਉਸ ਸਮੇਂ ਸ੍ਰੀ ਸਤਿਗੁਰੂ ਜੀ ਪੁਰਾਣੇ ਸਾਧਾਂ ਦੇ ਬਚਨ ਸੁਣਾਉਂਦੇ ਦੇ ਕਦੇ-ਕਦਾਈਂ ਰਾਜਸੀ ਮਾਮਲੇ 'ਤੇ ਵੀ ਵਿਚਾਰ ਹੁੰਦੀ। ਬੜਾ ਸੋਹਣਾ ਸਮਾਂ ਲੰਘਦਾ ਤੇ ਉਸ ਸਮੇਂ ਲੰਗਰ ਦੀ ਸੇਵਾ ਭਾਈ ਲਾਲ ਸਿੰਘ ਜੀ ਕਰਦੇ ਤੇ ਉੱਥੇ ਗਏ ਹੋਏ ਸਿੱਖ ਲੰਗਰ ਤੋਂ ਪਰਸ਼ਾਦਾ ਛਕ ਕੇ ਆਉਂਦੇ। ਸੇਠ ਮੋਹਰ ਸਿੰਘ ਜੀ ਸੇਵਾ ਦਾ ਇੱਕ ਨਮੂਨਾ ਸਨ।

**(ਚੱਲਦਾ)………**

# ਮੋਟਾਪਾ

✍- ਪੁਸ਼ਪਿੰਦਰ ਸਿੰਘ ਕੂਕਾ

## ਆਪ ਇੱਕ ਬੀਮਾਰੀ ਅਤੇ ਅਨੇਕਾਂ ਹੋਰ ਬੀਮਾਰੀਆਂ ਦੀ ਜੜ੍ਹ

ਕੁਝ ਲੋਕ ਮੋਟਾਪੇ ਨੂੰ ਚੰਗੀ ਸਿਹਤ ਦੀ ਨਿਸ਼ਾਨੀ ਮੰਨਦੇ ਹਨ। ਮਿੱਠੀਆਂ, ਤਲੀਆਂ ਅਤੇ ਬਾਜ਼ਾਰੀ ਚੀਜ਼ਾਂ ਖਾ ਕੇ ਆਪਣਾ ਸਰੀਰ ਵਿਗਾੜ ਲੈਂਦੇ ਹਨ ਅਤੇ ਨਤੀਜੇ ਵੱਜੋਂ ਅਣਵਰਤੇ ਜ਼ਿਆਦਾ ਖਾਣੇ ਕਾਰਣ ਉਹਨਾਂ ਦੇ ਸਰੀਰ ਵਿੱਚ ਚਰਬੀ ਜਮਾਂ ਹੋ ਜਾਂਦੀ ਹੈ। ਸਾਡੇ ਸਮਾਜਕ ਰਸਮਾਂ-ਰਿਵਾਜ਼ਾਂ ਸਮੇਂ ਆਮ ਤੌਰ 'ਤੇ ਮਿੱਠੇ ਅਤੇ ਚਿਕਨਾਈ ਵਾਲੇ ਪਦਾਰਥਾਂ ਦੀ ਵਰਤੋਂ ਜ਼ਿਆਦਾ ਹੁੰਦੀ ਹੈ ਅਤੇ ਸਵਾਦ ਦੇ ਚੱਕਰ 'ਚ ਅਸੀਂ ਲੋੜ ਤੋਂ ਜ਼ਿਆਦਾ ਖਾ ਬੈਠਦੇ ਹਾਂ ਅਤੇ ਚਰਬੀ ਜਮਾਂ ਹੋਣ ਨਾਲ ਅਸੀਂ ਮੋਟਾਪੇ ਦੀ ਬੀਮਾਰੀ ਦਾ ਸ਼ਿਕਾਰ ਬਣ ਜਾਂਦੇ ਹਾਂ।

### ਕੀ ਹੈ ਮੋਟਾਪਾ?

ਸਰੀਰ ਦੇ ਵਿੱਚ ਅਸਾਧਾਰਨ ਜਾਂ ਵਾਧੂ ਚਰਬੀ ਦੇ ਜਮਾਂ ਹੋਣ ਨੂੰ ਮੋਟਾਪਾ ਕਿਹਾ ਜਾਂਦਾ ਹੈ ਜਿਸ ਨਾਲ ਸਿਹਤ ਦਾ ਨੁਕਸਾਨ ਹੋ ਸਕਦਾ ਹੈ।

### ਮੋਟਾਪੇ ਦਾ ਪੈਮਾਨਾ

ਕੋਈ ਵਿਅਕਤੀ ਮੋਟਾਪੇ ਦਾ ਸ਼ਿਕਾਰ ਹੈ ਜਾਂ ਨਹੀਂ, ਇਹ ਪਤਾ ਕਰਨ ਲਈ ਇਹ ਵੇਖਿਆ ਜਾਂਦਾ ਹੈ ਕਿ ਉਸ ਦੇ ਕੱਦ ਦੀ ਤੁਲਨਾ ਵਿੱਚ ਉਸ ਦਾ ਵਜ਼ਨ ਕਿੰਨਾ ਹੈ। ਇਸ ਅਨੁਪਾਤ ਨੂੰ ਬਾਡੀ ਮਾਸ ਇੰਡੈਕਸ (Body Mass Index: BMI) ਕਿਹਾ ਜਾਂਦਾ ਹੈ।

Body Mass Index = Weight in Kilograms / (Height in meters)$^2$

ਬੀ. ਐਮ. ਆਈ. = ਵਿਅਕਤੀ ਦਾ ਕਿਲੋਗਰਾਮ ਵਿੱਚ ਵਜ਼ਨ / (ਮੀਟਰ ਵਿੱਚ ਕੱਦ)$^2$

ਤੁਸੀਂ ਆਪਣਾ ਬੀ. ਐਮ. ਆਈ. ਇਸ ਫਾਰਮੂਲੇ ਨਾਲ ਪਤਾ ਕਰ ਸਕਦੇ ਹੋ ਜਾਂ ਇੰਟਰਨੈਟ/ਮੋਬਾਇਲ ਐਪਲੀਕੇਸ਼ਨਜ਼ ਰਾਹੀਂ ਵੀ ਪਤਾ ਕਰ ਸਕਦੇ ਹੋ।

### ਤੁਹਾਡਾ ਬੀ. ਐਮ. ਆਈ ਕੀ ਦਰਸਾਉਂਦਾ ਹੈ?

| ਬਾਡੀ ਮਾਸ ਇੰਡੈਕਸ/BMI | Weight Status | ਵਜ਼ਨ ਦੀ ਸ਼੍ਰੇਣੀ |
|---|---|---|
| 18.5 ਤੋਂ ਘੱਟ | Underweight | ਕੁਪੋਸ਼ਣ / ਲੋੜ ਤੋਂ ਘੱਟ ਵਜ਼ਨ |
| 18.5 ਤੋਂ 24.9 | Normal Weight | ਕੱਦ ਅਨੁਸਾਰ ਸਹੀ ਸਿਹਤਮੰਦ ਵਜ਼ਨ |
| 25 ਤੋਂ 29.9 | Overweight | ਲੋੜ ਤੋਂ ਜ਼ਿਆਦਾ ਵਜ਼ਨ |
| 30 ਤੋਂ 39.9 | Obese | ਮੋਟਾਪਾ |
| 40 ਤੋਂ ਜ਼ਿਆਦਾ | Extremely Obese | ਖਤਰਨਾਕ ਮੋਟਾਪਾ |

### ਕੱਦ ਮੁਤਾਬਕ ਵਜ਼ਨ ਕਿੰਨਾ ਹੋਣਾ ਚਾਹੀਦਾ ਹੈ?

{18.5 X (ਮੀਟਰ ਵਿੱਚ ਕੱਦ)$^2$} ਤੋਂ
{24.9 X (ਮੀਟਰ ਵਿੱਚ ਕੱਦ)$^2$}

ਬੱਚਿਆਂ ਵਿੱਚ ਕੱਦ ਦੀ ਬਜਾਏ ਉਮਰ ਮੁਤਾਬਕ ਵਜ਼ਨ ਦਾ ਸੰਤੁਲਨ ਵੇਖਿਆ ਜਾਂਦਾ ਹੈ ਜਿਸ ਲਈ ਵਿਸ਼ਵ ਸਿਹਤ ਸੰਗਠਨ (WHO) ਦੁਆਰਾ ਤਿਆਰ ਕੀਤੇ ਚਾਈਲਡ ਗਰੋਥ ਸਟੈਂਡਰਡ ਅਤੇ ਚਾਰਟਾਂ (Child Growth Standards and Charts) ਦੀ ਵਰਤੋਂ ਕੀਤੀ ਜਾਂਦੀ ਹੈ।

### ਮੋਟਾਪੇ ਬਾਰੇ ਕੁਝ ਤੱਥ:

- 30% ਤੋਂ 50% ਭਾਰਤੀ ਬਾਲਗ ਜ਼ਿਆਦਾ ਵਜ਼ਨ ਜਾਂ ਮੋਟਾਪੇ ਦੇ ਸ਼ਿਕਾਰ ਹਨ।
- 1975 ਤੋਂ 2018 ਤੱਕ ਸੰਸਾਰ ਭਰ ਵਿੱਚ ਮੋਟਾਪੇ ਦੇ ਸ਼ਿਕਾਰ ਲੋਕਾਂ ਦੀ ਗਿਣਤੀ 3 ਗੁਣਾਂ ਵਧ ਗਈ ਹੈ।
- ਅੱਜ ਜ਼ਿਆਦਾਤਰ ਮੁਲਕਾਂ ਵਿੱਚ ਮੋਟਾਪੇ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕੁਪੋਸ਼ਣ ਕਾਰਨ ਮੌਤਾਂ ਨਾਲੋਂ ਜ਼ਿਆਦਾ ਹੈ।
- ਮੋਟਾਪਾ ਇੱਕ ਅਜਿਹਾ ਰੋਗ ਹੈ ਜਿਸ ਦੀ ਰੋਕਥਾਮ ਜੀਵਨਸ਼ੈਲੀ ਅਤੇ ਖਾਨ-ਪਾਨ ਵਿੱਚ ਬਦਲਾਵ ਲਿਆ ਕੇ ਕੀਤੀ ਜਾ ਸਕਦੀ ਹੈ।
- ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਮਾਨ ਅਨੁਸਾਰ ਸਾਲ 2016 ਵਿੱਚ ਵਿਸ਼ਵ ਭਰ ਵਿੱਚ 18 ਸਾਲ ਤੋਂ ਵੱਡੇ 1,90,00,00,000 (39%) ਲੋਕਾਂ ਦਾ ਵਜ਼ਨ ਲੋੜ ਤੋਂ ਜ਼ਿਆਦਾ ਸੀ ਅਤੇ ਇਹਨਾਂ ਵਿੱਚੋਂ 65,00,00,000 (13%) ਲੋਕ ਡਾਕਟਰੀ ਤੌਰ ਤੇ ਮੋਟਾਪੇ ਦੇ ਸ਼ਿਕਾਰ ਸਨ। ਜ਼ਿਆਦਾ ਵਜ਼ਨ ਜਾਂ ਮੋਟਾਪੇ ਦੇ ਸ਼ਿਕਾਰ ਬੱਚੇ ਅਤੇ ਕਿਸ਼ੋਰਾਂ ਦੀ ਗਿਣਤੀ ਲਗਭਗ 3,81,00,00,000 ਸੀ।
- ਹਰ ਸਾਲ 28 ਲੱਖ ਲੋਕ ਜ਼ਿਆਦਾ ਵਜ਼ਨ ਜਾਂ ਮੋਟਾਪੇ ਦੀ ਵਜ੍ਹਾ ਨਾਲ ਮੌਤ ਦੇ ਸ਼ਿਕਾਰ ਹੁੰਦੇ ਹਨ।

### ਮੋਟਾਪੇ ਦੇ ਕਾਰਣ ਕੀ ਹਨ?

ਮੋਟਾਪੇ ਦਾ ਬੁਨਿਆਦੀ ਕਾਰਣ ਹੈ ਖਾਣੇ ਰਾਹੀਂ ਲਈਆਂ ਗਈਆਂ ਕੈਲਰੀਆਂ ਅਤੇ ਸਰੀਰ ਦੁਆਰਾ ਖਪਤ ਹੋਈਆਂ ਕੈਲਰੀਆਂ ਵਿੱਚ ਅਸੰਤੁਲਨ।

**ਕੈਲਰੀ** (Calorie) ਊਰਜਾ ਨੂੰ ਨਾਪਣ ਦੀ ਇਕਾਈ ਹੈ। ਮਿੱਠੇ ਤੇ ਤੇਲੀ ਪਦਾਰਥ ਸਰੀਰ ਨੂੰ ਜ਼ਿਆਦਾ ਕੈਲਰੀਆਂ ਪ੍ਰਦਾਨ ਕਰਦੇ ਹਨ ਅਤੇ ਸਰੀਰਕ ਗਤੀਵਿਧੀਆਂ ਅਤੇ ਕਸਰਤ ਵਿੱਚ ਇਹਨਾਂ ਦੀ ਖਪਤ ਨਾ ਹੋਣ ਦੀ ਸੂਰਤ ਵਿੱਚ ਇਹ ਪਦਾਰਥ ਮੋਟਾਪੇ ਦਾ ਕਾਰਣ ਬਣਦੇ ਹਨ।

- ਖੁਰਾਕ ਵਿੱਚ ਜ਼ਿਆਦਾ ਕੈਲਰੀ ਵਾਲਾ ਭੋਜਨ ਜਿਵੇਂ ਕਿ ਤੇਲ, ਘਿਓ ਆਦਿ ਦਾ ਸੇਵਨ।

- ਸਰੀਰਕ ਕਸਰਤ ਦੀ ਘਾਟ।
- ਬੈਠਣ ਵਾਲੇ ਪੇਸ਼ੇ (Sedentary Work) ਜਿਵੇਂ ਕਿ ਦਫ਼ਤਰੀ ਕੰਮ-ਕਾਜ ਆਦਿ।
- ਸ਼ਹਿਰੀਪਨ ਅਤੇ ਆਵਾਜਾਈ ਦੇ ਸਾਧਨਾਂ ਦੀ ਜ਼ਿਆਦਾ ਵਰਤੋਂ ਦਾ ਰੁਝਾਨ।

**ਮੋਟਾਪੇ ਦੇ ਸਿਹਤ ਲਈ ਕੀ ਨੁਕਸਾਨ ਹਨ?**

ਮੋਟੇ ਇਨਸਾਨ ਲਈ ਭੱਜਣਾ ਤਾਂ ਕੀ ਤੁਰਨਾ ਵੀ ਮੁਸ਼ਕਲ ਹੋ ਜਾਂਦਾ ਹੈ, ਸਾਹ ਚੜ੍ਹਨ ਲੱਗ ਜਾਂਦਾ ਹੈ।

- ਨਾੜੀਆਂ ਵਿੱਚ ਖੂਨ ਦਾ ਦਬਾਅ (ਬਲੱਡ ਪ੍ਰੈਸ਼ਰ) ਵੱਧ ਜਾਂਦਾ ਹੈ ਜਿਸ ਨਾਲ ਸਿਰ ਤੋਂ ਪੈਰਾਂ ਤੱਕ ਸਾਰੇ ਅੰਗਾਂ ਦਾ ਨੁਕਸਾਨ ਹੁੰਦਾ ਹੈ।
- ਖੂਨ ਦੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ, ਸਰੀਰ ਦੇ ਵੱਖ ਵੱਖ ਅੰਗਾਂ ਨੂੰ ਖੂਨ ਰਾਹੀਂ ਆਕਸੀਜਨ ਅਤੇ ਖੁਰਾਕ ਦਾ ਪ੍ਰਵਾਹ ਘੱਟ ਜਾਂਦਾ ਹੈ ਜਿਸ ਨਾਲ ਦਿਲ ਅਤੇ ਦਿਮਾਗ (ਲਕਵਾ ਆਦਿ) ਦੇ ਰੋਗਾਂ ਦਾ ਖਤਰਾ ਵੱਧ ਜਾਂਦਾ ਹੈ ਜੋ ਕਿ ਮੌਤ ਦੇ ਪ੍ਰਮੁੱਖ ਕਾਰਣ ਬਣਦੇ ਹਨ।
- ਮਧੂਮੇਹ (ਸ਼ੂਗਰ) : ਸਰੀਰ ਵਿੱਚ ਇੰਸੂਲਿਨ ਦੀ ਘਾਟ ਨਾਲ ਸ਼ੂਗਰ ਦੇ ਮਰੀਜ਼ ਬਣ ਜਾਂਦੇ ਹਾਂ।
- ਸਰੀਰ ਵਿੱਚ ਚਰਬੀ ਵੱਧਣ ਨਾਲ ਪਿੱਤੇ ਵਿੱਚ ਪੱਥਰੀਆਂ ਬਨਣ ਦਾ ਖਤਰਾ ਵੱਧ ਜਾਂਦਾ ਹੈ ਜੋ ਕਿ ਬਾਦ ਵਿੱਚ ਰੁਕਾਵਟ ਪੈਦਾ ਕਰਕੇ ਪੀਲੀਏ ਅਤੇ ਕੈਂਸਰ ਦਾ ਵੀ ਕਾਰਣ ਬਣ ਸਕਦੀਆਂ ਹਨ।
- ਜਿਗਰ ਵਿੱਚ ਚਰਬੀ ਵੱਧ ਜਾਂਦੀ ਹੈ ਜੋ ਕਿ ਜਿਗਰ ਦੇ ਕੰਮ ਨੂੰ ਪ੍ਰਭਾਵਿਤ ਕਰਕੇ ਸਿਹਤ ਲਈ ਨੁਕਸਾਨਦਾਇਕ ਹੁੰਦੀ ਹੈ।
- ਹੱਡੀਆਂ ਅਤੇ ਜੋੜਾਂ ਦੀਆਂ ਬੀਮਾਰੀਆਂ (Osteoarthritis) ਦਾ ਖਤਰਾ ਵੱਧ ਜਾਂਦਾ ਹੈ। ਲੋੜ ਤੋਂ ਜ਼ਿਆਦਾ ਵਜ਼ਨ ਸਹਿਣ ਕਾਰਣ ਗੋਡੇ ਵੀ ਜਲਦੀ ਖਰਾਬ ਹੋ ਜਾਂਦੇ ਹਨ।
- ਮੋਟੇ ਲੋਕਾਂ ਵਿੱਚ ਬੱਚੇਦਾਨੀ, ਛਾਤੀਆਂ, ਅੰਡਕੋਸ਼, ਗਦੂਦਾਂ, ਜਿਗਰ, ਪਿੱਤਾ, ਗੁਰਦੇ, ਵੱਡੀ ਆਂਤੜੀ ਦੇ ਕੈਂਸਰ ਦਾ ਖਤਰਾ ਜ਼ਿਆਦਾ ਹੁੰਦਾ ਹੈ।

ਬੀ. ਐਮ. ਆਈ. ਵਧਣ ਨਾਲ ਇਹਨਾਂ ਬੀਮਾਰੀਆਂ ਦੇ ਸ਼ਿਕਾਰ ਹੋਣ ਦਾ ਖਤਰਾ ਵੱਧ ਜਾਂਦਾ ਹੈ।

ਬੱਚੇ ਮੋਟਾਪੇ ਕਾਰਨ ਸਾਹ ਦੀ ਤਕਲੀਫ, ਹੱਡੀਆਂ ਟੁਟੱਣ, ਬਲੱਡ ਪ੍ਰੈਸ਼ਰ ਵਧਣ ਅਤੇ ਅੱਗੇ ਜਾ ਕੇ ਦਿਲ, ਦਿਮਾਗ ਦੇ ਰੋਗਾਂ ਅਤੇ ਸਮੇਂ ਤੋਂ ਪਹਿਲਾਂ ਮੌਤ ਦੇ ਸ਼ਿਕਾਰ ਹੋ ਸਕਦੇ ਹਨ।

**ਮੋਟਾਪੇ ਤੋਂ ਕਿਵੇਂ ਬਚਿਆ ਜਾ ਸਕਦਾ ਹੈ?**

- ਵਜ਼ਨ ਨੂੰ ਘਟਾਉਣ ਲਈ ਖੁਰਾਕ ਵਿੱਚ ਬਦਲਾਵ ਲਿਆਉਣਾ ਚਾਹੀਦਾ ਹੈ। ਸੰਤੁਲਿਤ ਭੋਜਨ ਦਾ ਸੇਵਨ ਕਰੋ ਜਿਸ ਵਿੱਚ ਹਰ ਤਰਾਂ ਦੇ ਖੁਰਾਕੀ ਤੱਤ ਸਹੀ ਮਾਤਰਾ ਅਤੇ ਅਨੁਪਾਤ ਵਿੱਚ ਮੌਜੂਦ ਹੋਣ।
- ਭੋਜਨ ਵਿੱਚ ਜ਼ਿਆਦਾ ਮਿੱਠੀਆਂ ਅਤੇ ਚਿਕਨਾਈ ਵਾਲੀਆਂ ਵਸਤਾਂ ਦਾ ਪਰਹੇਜ਼ ਕਰੋ।
- ਘਿਓ, ਮੱਖਣ, ਤੇਲ ਅਤੇ ਖਾਸਕਰ ਵਨਸਪਤੀ ਆਦਿ ਬਹੁਤ ਜ਼ਿਆਦਾ ਕੈਲਰੀਆਂ ਪ੍ਰਦਾਨ ਕਰਦੇ ਹਨ ਅਤੇ ਖੂਨ ਵਿੱਚ ਕੋਲੈਸਟਰੋਲ / ਚਰਬੀ ਵਧਾਉਂਦੇ ਹਨ, ਇਹਨਾਂ ਦਾ ਸੇਵਨ ਘੱਟ ਕਰਨਾ ਚਾਹੀਦਾ ਹੈ।
- ਤੇਲ ਜਾਂ ਘਿਓ ਨੂੰ ਵਾਰ ਵਾਰ ਗਰਮ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਇਸ ਨਾਲ ਇਹ ਸਿਹਤ ਲਈ ਹੋਰ ਹਾਨੀਕਾਰਕ ਬਣ ਜਾਂਦੇ ਹਨ।
- ਭੁੱਖ ਅਨੁਸਾਰ ਭੋਜਨ ਖਾਣਾ ਚਾਹੀਦਾ ਹੈ। ਸਵਾਦ ਕਾਰਣ ਲੋੜ ਤੋਂ ਜ਼ਿਆਦਾ ਖਾਣਾ ਨਾ ਖਾਇਆ ਜਾਵੇ।
- ਤਾਜ਼ੇ ਫਲ, ਸਲਾਦ, ਸਬਜ਼ੀਆਂ ਦਾ ਸੇਵਨ ਜ਼ਿਆਦਾ ਕਰਨਾ ਚਾਹੀਦਾ ਹੈ। ਇਹ ਸਵਾਦ ਹੋਣ ਦੇ ਨਾਲ ਨਾਲ ਵਿਟਾਮਿਨ ਅਤੇ ਫਾਈਬਰ ਦੇ ਚੰਗੇ ਸਰੋਤ ਹੁੰਦੇ ਹਨ। ਫਲਾਂ ਦੇ ਜੂਸ ਨਾਲੋਂ ਤਾਜ਼ੇ ਫਲਾਂ ਦਾ ਸੇਵਨ ਜ਼ਿਆਦਾ ਲਾਭਕਾਰੀ ਹੁੰਦਾ ਹੈ ਕਿਉਂਕਿ ਤਾਜ਼ੇ ਫਲ ਕੁਦਰਤੀ ਰੂਪ ਵਿੱਚ ਸੁਰੱਖਿਅਤ ਵੀ ਹੁੰਦੇ ਹਨ ਅਤੇ ਫਾਈਬਰ ਦੀ ਮਾਤਰਾ ਕਾਰਣ ਮੋਟਾਪੇ ਅਤੇ ਆਂਤੜੀਆਂ ਦੇ ਰੋਗਾਂ ਤੋਂ ਵੀ ਬਚਾਉਂਦੇ ਹਨ।
- ਪੈਕਡ ਜੂਸ / ਕੋਲਡ ਡਰਿੰਕਸ ਵਿੱਚ ਮਿੱਠੇ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਜੋ ਕਿ ਵਾਧੂ ਕੈਲਰੀਆਂ ਦਾ ਸਰੋਤ ਹਨ। ਇਹਨਾਂ ਦੀ ਬਜਾਏ ਤਾਜ਼ਾ ਫਲਾਂ ਦਾ ਜੂਸ, ਸ਼ਕੰਜਵੀ, ਨਾਰੀਅਲ ਪਾਣੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।
- ਨਮਕ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ। ਬਚਪਨ ਤੋਂ ਹੀ ਘੱਟ ਨਮਕ ਖਾਣ ਵਾਲੇ ਭੋਜਨ ਦੇ ਸਵਾਦ ਦੀ ਆਦਤ ਪਾਉਣੀ ਚਾਹੀਦੀ ਹੈ। ਚਿੱਪਸ, ਪਾਪੜ, ਨਮਕੀਨ, ਅਚਾਰ, ਚਟਨੀ, ਕੈਚ-ਅੱਪ, ਨਮਕੀਨ ਬਿਸਕੁਟ ਦਾ ਪਰਹੇਜ਼ ਕਰਨਾ ਚਾਹੀਦਾ ਹੈ। ਤਾਜ਼ੇ ਫਲ, ਸਲਾਦ ਅਤੇ ਦਹੀਂ ਖਾਣ ਲੱਗਿਆਂ ਵੀ ਨਮਕ ਨਹੀਂ ਇਸਤੇਮਾਲ ਕਰਨਾ ਚਾਹੀਦਾ।
- ਪਾਣੀ ਜ਼ਿਆਦਾ ਤੋਂ ਜ਼ਿਆਦਾ ਪੀਣਾ ਚਾਹੀਦਾ ਹੈ।
- ਪ੍ਰਤੀਦਿਨ 250 ਗਰਾਮ ਦੁੱਧ ਪੀਣਾ ਚਾਹੀਦਾ ਹੈ ਪਰ ਮੋਟਾਪਾ ਘਟਾਉਣ ਲਈ ਮਲਾਈ/ਕ੍ਰੀਮ ਰਹਿਤ ਦੁੱਧ ਪੀਣਾ ਚਾਹੀਦਾ ਹੈ।
- ਬਾਜ਼ਾਰੀ ਵਸਤਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਨਮਕ, ਤੇਲ ਅਤੇ ਮਿੱਠੇ ਦੀ ਵਰਤੋਂ ਜ਼ਿਆਦਾ ਕੀਤੀ ਗਈ ਹੁੰਦੀ ਹੈ ਅਤੇ ਇਸ ਦੇ ਤਿਆਰ ਕਰਨ ਸਮੇਂ ਵਰਤੀ ਗਈ ਸਾਫ਼-ਸਫ਼ਾਈ ਬਾਰੇ ਵੀ ਕੁਝ ਪਤਾ ਨਹੀਂ ਹੁੰਦਾ।
- ਅੰਡੇ, ਮਾਸਾਹਾਰੀ ਭੋਜਨ ਅਤੇ ਸ਼ਰਾਬ ਦਾ ਸੇਵਨ ਬੰਦ ਕਰਨਾ ਚਾਹੀਦਾ ਹੈ।

• ਖੁਰਾਕ ਵਿੱਚ ਕੈਲਰੀਆਂ ਦੀ ਮਾਤਰਾ ਉਨੀ ਹੀ ਹੋਣੀ ਚਾਹੀਦੀ ਹੈ ਜਿੰਨੀ ਖਪਤ ਹੋ ਸਕੇ। ਸਰੀਰਕ ਗਤੀਵਿਧੀਆਂ ਅਨੁਸਾਰ ਹੀ ਭੋਜਨ ਕਰਨਾ ਚਾਹੀਦਾ ਹੈ। ਉਨ੍ਹਾਂ ਹੀ ਖਾਓ ਜਿੰਨਾਂ ਤੁਹਾਡਾ ਸਰੀਰ ਵਰਤ ਸਕਦਾ ਹੈ।

• ਫ਼ਲ, ਸਲਾਦ ਤੇ ਤਾਜ਼ੀਆਂ ਸਬਜ਼ੀਆਂ ਦਾ ਸੇਵਨ ਵੱਧ ਕਰਨਾ ਚਾਹੀਦਾ ਹੈ। ਇਸ ਨਾਲ ਭੁੱਖ ਤਾਂ ਮਿਟੇਗੀ ਹੀ, ਕੈਲਰੀਆਂ ਵੀ ਘੱਟ ਮਿਲਣਗੀਆਂ ਅਤੇ ਚੰਗੀ ਸਿਹਤ ਲਈ ਜ਼ਰੂਰੀ ਵਿਟਾਮਿਨ, ਫਾਈਬਰ ਅਤੇ ਹੋਰ ਜ਼ਰੂਰੀ ਤੱਤ ਵੀ ਪ੍ਰਾਪਤ ਹੋਣਗੇ।

• ਖਾਣਾ ਬੰਦ ਕਰਨ (Fasting) ਜਾਂ ਜ਼ਿਆਦਾ ਘਟਾਉਣ ਨਾਲ ਜ਼ਰੂਰੀ ਕੁਰਾਕੀ ਤੱਤਾਂ ਦੀ ਹਾਨੀਕਾਰਕ ਘਾਟ ਹੋ ਸਕਦੀ ਹੈ ਅਤੇ ਬਾਦ ਵਿੱਚ ਜ਼ਿਆਦਾ ਭੁੱਖ ਕਾਰਣ ਜ਼ਿਆਦਾ ਖਾਣ ਨਾਲ ਮੋਟਾਪਾ ਬਰਕਰਾਰ ਰਹਿ ਸਕਦਾ ਹੈ।

• ਰੋਜ਼ਾਨਾ ਸਰੀਰਕ ਗਤੀਵਿਧੀ ਅਤੇ ਕਸਰਤ ਵਧਾਓ ਜਿਵੇਂ ਕਿ ਸੈਰ, ਦੌੜ, ਖੇਡਾਂ ਆਦਿ।

• ਲਿਫਟ ਦੀ ਜਗ੍ਹਾ ਪੌੜੀਆਂ ਦੀ ਵਰਤੋਂ ਕਰੋ।

• ਵਜ਼ਨ ਘਟਾਉਣ ਲੱਗਿਆਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਇੱਕ ਹਫਤੇ ਵਿੱਚ 500 ਗਰਾਮ ਤੱਕ ਵਜ਼ਨ ਘਟਾਉਣਾ ਸੁਰੱਖਿਅਤ ਹੁੰਦਾ ਹੈ। ਹੌਲੀ ਅਤੇ ਸਥਿਰ ਤਰੀਕੇ ਨਾਲ ਹੀ ਵਜ਼ਨ ਘਟਾਉਣਾ ਚਾਹੀਦਾ ਹੈ। ਊਰਜਾ ਦਾ ਸੰਤੁਲਨ ਬਣਾ ਕੇ ਆਪਣੇ ਕੱਦ ਅਨੁਸਾਰ ਸਹੀ ਵਜ਼ਨ ਅਖਤਿਆਰ ਕਰਨਾ ਚਾਹੀਦਾ ਹੈ।

• ਵਜ਼ਨ ਘਟਾਉਣ ਲਈ ਕਿਸੇ ਦਵਾਈ ਦਾ ਸੇਵਨ ਕਰਨਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ।

ਵਿਅਕਤੀਗਤ ਪੱਧਰ ਤੇ ਜੀਵਨਸ਼ੈਲੀ ਵਿੱਚ ਸੁਧਾਰ ਕਰਨ ਨਾਲ ਮੋਟਾਪੇ ਤੋਂ ਬਚਿਆ ਜਾ ਸਕਦਾ ਹੈ। ਸਮਾਜਕ ਪੱਧਰ ਤੇ ਅਜਿਹੀ ਜੀਵਨ ਸ਼ੈਲੀ ਨੂੰ ਉਤਸ਼ਾਹਤ ਕਰਕੇ ਪੂਰੇ ਸਮਾਜ ਨੂੰ ਫਾਇਦਾ ਪਹੁੰਚ ਸਕਦਾ ਹੈ।

**-ਡਾ. ਪੁਸ਼ਪਿੰਦਰ ਸਿੰਘ ਕੂਕਾ**
**ਐਮ. ਬੀ. ਬੀ. ਐਸ., ਐਮ. ਐਸ. (ਸਰਜਰੀ)**
**ਸੰਪਰਕ: 95010-13625**

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

**ਬਾਕੀ ਸਫ਼ਾ 17 ਦੀ** **(ਅੰਮ੍ਰਿਤਸਰ ਦਾ ਸਾਕਾ)**

**8.** ਡਾ.ਜੋਗਿੰਦਰ ਸਿੰਘ ਜੀ ਮੁਖੀ ਸਤਿਗੁਰੂ ਰਾਮ ਸਿੰਘ ਚੇਅਰ- ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ਆਪਣੀ ਪੁਸਤਕ 'ਨਾਮਧਾਰੀ ਸਤਿਗੁਰੂ ਰਾਮ ਸਿੰਘ' (ਪੰਜਾਬੀ ਅਨੁਵਾਦ-ਡਾ.ਨਰੇਸ਼) ਪੰਨਾ 91 ਤੇ ਬੁੱਚੜਖਾਨੇ ਬਾਰੇ ਇਸ ਪ੍ਰਕਾਰ ਲਿਖਦੇ ਹਨ:

"...ਨਾਮਧਾਰੀ ਗੁਰੂ, ਚੌਂਕ ਘੰਟਾ ਘਰ, ਦਰਬਾਰ ਸਾਹਿਬ ਨੇੜੇ ਬੁੱਚੜਖਾਨਾ ਖੋਲ੍ਹੇ ਜਾਣ ਤੇ ਕਾਫ਼ੀ ਪਰੇਸ਼ਾਨ ਸਨ। ਨਿਧਾਨ ਸਿੰਘ ਆਲਿਮ ਅਨੁਸਾਰ ਇਹ ਬੁੱਚੜਖਾਨਾ ਇੱਥੋਂ ਹਟਾਉਣ ਲਈ ਦਸ ਨਾਮਧਾਰੀ ਮਰਜੀਵੜਿਆਂ ਦਾ ਇੱਕ ਜਥਾ ਤਿਆਰ ਕੀਤਾ ਗਿਆ। ਜਥਾ ਅੰਮ੍ਰਿਤਸਰ ਵੱਲ ਨੂੰ ਤੁਰ ਪਿਆ ਅਤੇ ਲਾਹੌਰੀ ਦਰਵਾਜੇ ਨੇੜੇ ਬੁੱਚੜਖਾਨਾ ਵੇਖਕੇ ਦੁੱਖੀ ਹੋਇਆ। ਪਰ ਜਦੋਂ ਉਨ੍ਹਾਂ ਦਰਬਾਰ ਸਾਹਿਬ ਦੇ ਲਾਗੇ ਬੁੱਚੜਖਾਨਾ ਵੇਖਿਆ ਤਾਂ ਉਹ ਆਪਣੀਆਂ ਭਾਵਨਾਵਾਂ ਤੇ ਕਾਬੂ ਨਾ ਰੱਖ ਸਕੇ ਅਤੇ ਉਨ੍ਹਾਂ ਮੁਸਲਮਾਨ ਬੁੱਚੜਾਂ ਨੂੰ ਮਾਰ-ਮੁਕਾਉਣ ਦਾ ਨਿਸਚਾ ਕਰ ਲਿਆ...।"

15 ਜੂਨ 1871 ਈ. ਨੂੰ ਰਾਤ ਇੱਕ ਵਜੇ ਬੁੱਚੜ ਸੋਧਣ ਲਈ ਨਾਮਧਾਰੀ ਸਿੰਘਾਂ ਨੇ ਕਮਰਕੱਸੇ ਕਰਕੇ ਦਰਬਾਰ ਸਾਹਿਬ ਦੀ ਪਰਕਰਮਾਂ ਵੱਲੋਂ ਲੰਮੀਆਂ ਪੌੜੀਆਂ ਲਗਾ ਕੇ ਬੁੱਚੜਖਾਨੇ ਅੰਦਰ ਪ੍ਰਵੇਸ਼ ਕੀਤਾ, ਫਿਰ ਬੁੱਚੜਾਂ ਨੂੰ ਸੋਧਿਆ ਅਤੇ ਆਪ ਕਾਰਜ ਕਰਕੇ ਹਰਨ ਹੋ ਗਏ।

ਅੰਗਰੇਜ਼ ਸਰਕਾਰ ਜ਼ੋਰ ਲਗਾ ਹਟੀ, ਪ੍ਰੰਤੂ ਸਿੰਘਾਂ ਦਾ ਖੁਰਾ ਖ਼ੋਜ ਲੱਭ ਨਾ ਸਕੀ, ਫਿਰ ਸਤਿਗੁਰੂ ਰਾਮ ਸਿੰਘ ਜੀ ਦੇ ਕਹਿਣ ਤੇ ਆਪ ਹੀ ਸਿੰਘ ਅਦਾਲਤ ਵਿੱਚ ਪੇਸ਼ ਹੋਏ ਅਤੇ ਦੋਸ਼ ਕਬੂਲਿਆ। ਚਾਰ ਨਾਮਧਾਰੀ ਸਿੰਘ- ਲਹਿਣਾ ਸਿੰਘ ਪੰਨਵਾਂ, ਫਤਿਹ ਸਿੰਘ ਦੁਕਾਨਦਾਰ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ, 15 ਸਤੰਬਰ 1871 ਈ. ਨੂੰ ਅੰਮ੍ਰਿਤਸਰ ਰਾਮ ਬਾਗ ਵਿਖੇ ਇੱਕ ਵੱਡੇ ਬੋਹੜ ਦੇ ਟਾਹਣੇ ਨਾਲ ਸ਼ਰੇਆਮ ਫ਼ਾਂਸੀ ਦਿੱਤੀ ਗਈ। ਦੋ ਸਿੰਘਾਂ ਨੂੰ ਕਾਲੇ ਪਾਣੀ ਸਜ਼ਾ ਦਿੱਤੀ ਗਈ ਸੀ। ਉਹਨਾਂ ਤੋਂ ਬਿਨਾਂ ਝੰਡਾ ਸਿੰਘ ਠੱਠਾ, ਮਿਹਰ ਸਿੰਘ ਲੋਪੋਕੇ, ਲੱਛਮਣ ਸਿੰਘ ਗੁਰਦਾਸਪੁਰ ਅਤੇ ਭਗਵਾਨ ਸਿੰਘ ਅੜਬੰਗੀ ਭਗੌੜੇ ਕਰਾਰ ਦਿੱਤੇ ਗਏ। ਬਾਅਦ ਵਿੱਚ ਝੰਡਾ ਸਿੰਘ ਠੱਠਾ ਦੋ ਸਾਲ ਬਾਅਦ ਕਾਬਲ ਤੋਂ ਪਰਤਿਆ ਤਾਂ ਉਸ 'ਤੇ ਮੁਕਦਮਾ ਚਲਾ ਕੇ 12 ਅਗਸਤ 1871 ਨੂੰ ਫਾਂਸੀ ਦਿੱਤੀ ਗਈ। ਇਸ ਪ੍ਰਕਾਰ ਧਰਮ ਕਾਰਜ ਹਿੱਤ ਸ਼ਹੀਦੀਆਂ ਪਾ ਕੇ ਸਿੰਘਾਂ ਨੇ ਇਤਿਹਾਸ ਵਿੱਚ ਆਪਣੇ ਨਾਮ ਅਮਰ ਕਰ ਲਏ।

# ਸੁੱਚੇ ਮੋਤੀ

✪ ਜਿਹੜਾ ਵਿਅਕਤੀ ਕਹਿੰਦਾ ਹੈ ਮੈਂ ਇੰਦਰੀਆਂ ਤੇ ਕਾਬੂ ਪਾ ਲਿਆ ਹੈ ਪਰ ਉਹ ਸਾਰਾ ਦਿਨ ਵਿਸ਼ੇ ਵਿਕਾਰਾਂ ਬਾਰੇ ਸੋਚਦਾ ਰਹਿੰਦਾ ਹੈ ਉਹ ਪਾਖੰਡੀ ਹੈ।

**ਸ੍ਰੀ ਮਦ ਭਗਵਤ ਗੀਤਾ ਅਧਿਆਏ-3 ਸ਼ਲੋਕ-6**

✪ ਮਨ ਹੀ ਮਨੁੱਖ ਦਾ ਮਿੱਤਰ ਹੈ ਅਤੇ ਮਨ ਹੀ ਦੁਸ਼ਮਣ, ਸਿਆਣੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਮਨ ਦੀ ਸਹਾਇਤਾ ਨਾਲ ਆਪਣਾ ਉਧਾਰ ਕਰੇ ਅਤੇ ਆਪਣੇ-ਆਪ ਨੂੰ ਵਿਚਾਰਾਂ ਦੇ ਡੂੰਘੇ ਟੋਏ ਵਿਚ ਨਾ ਡਿਗਣ ਦੇਵੇ।

**ਸ੍ਰੀ ਮਦ ਭਗਵਤ ਗੀਤਾ - ਅਧਿਆਏ-6 ਸ਼ਲੋਕ-5**

✪ ਕਿਸੇ ਆਦਮੀ ਦੀ ਆਜ਼ਾਦੀ ਉਥੇ ਖ਼ਤਮ ਹੋ ਜਾਂਦੀ ਹੈ ਅਤੇ ਖ਼ਤਮ ਕਰ ਵੀ ਦੇਣੀ ਚਾਹੀਦੀ ਹੈ, ਜਦੋਂ ਉਹ ਆਜ਼ਾਦੀ ਉਸਦੇ ਗੁਆਂਢੀਆਂ ਲਈ ਮੁਸੀਬਤ ਬਣ ਜਾਵੇ।

**ਫਰੈਡਰਿਕ ਵਿਲੀਅਮ ਫਰਰ**

✪ ਮਹਾਨਤਾ ਸ਼ਕਤੀਸ਼ਾਲੀ ਹੋਣ ਵਿੱਚ ਨਹੀਂ, ਬਲਕਿ ਸ਼ਕਤੀ ਦੀ ਸੁਵਰਤੋਂ ਕਰਨ ਵਿੱਚ ਹੈ।

**ਹੇਨਰੀ ਵਾਰਡ**

✪ ਡਰਾਕਲ ਵਿਅਕਤੀ ਖਤਰੇ ਤੋਂ ਪਹਿਲਾਂ ਹੀ, ਬੁਜ਼ਦਿਲ ਸਮੇਂ ਦੇ ਵਿਚਕਾਰ ਅਤੇ ਇਕ ਸਾਹਸੀ ਆਦਮੀ ਖਤਰੇ ਤੋਂ ਪਿੱਛੋਂ ਭੈਅ ਭੀਤ ਹੋ ਜਾਂਦਾ ਹੈ।

**ਜੀਨ ਪਾਲ ਰਿਚਰ**

✪ ਮੈਂ ਆਪਣੇ ਦੇਸ਼ ਨੂੰ ਆਪਣੇ ਪਰਿਵਾਰ ਨਾਲੋਂ ਵੱਧ ਪਿਆਰ ਕਰਦਾ ਹਾ ਪਰ ਮੈਂ ਸਮੁੱਚੀ ਮਾਨਵਤਾ ਨੂੰ ਆਪਣੇ ਦੇਸ਼ ਨਾਲੋਂ ਵੱਧ ਪਿਆਰ ਕਰਦਾ ਹਾਂ।

**ਫਰਾਂਸਿਸ ਫੇਨਲਿਨ**

✪ ਸਾਡੇ ਪਿਤਾ ਸਾਨੂੰ ਸਿਖਾਉਂਦੇ ਹਨ ਕਿ ਸਾਨੂੰ ਕੀ ਬਣਨਾ ਚਾਹੀਦਾ ਹੈ। ਸਾਡੀਆਂ ਮਾਵਾਂ ਸਾਨੂੰ ਸਿੱਖਿਆ ਦਿੰਦੀਆਂ ਹਨ ਕਿ ਅਸੀ ਕੀ ਹਾਂ।

**ਪੀਟਰ ਡੇਵੀਸਨ**

**ਨਵੇਂ ਰੂਪ ਵਿੱਚ ਛਪ ਰਹੇ 'ਸਤਿਜੁਗ' ਦੇ ਪਰਚੇ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਪਾਠਕ ਜ਼ਰੂਰ ਭੇਜਣ।**

# ਬੱਚਿਆਂ ਦਾ ਪੰਨਾ

## ਅੰਮ੍ਰਿਤਸਰ ਦਾ ਸਾਕਾ

ਰਾਮਦਾਸ ਗੁਰੂ ਨਗਰੀ ਸੁਖ ਵਸੇ।
ਸਾਰੀ ਦੁਨੀਆਂ ਟੇਕੇ ਮੱਥੇ।
ਪਾਰ ਸਾਗਰੋਂ ਬਿੱਲਾ ਆਇਆ।
ਸੋਨ ਚਿੜੀ ਨੂੰ ਜਾਲ 'ਚ ਫਾਹਿਆ।
ਮਜ਼ਹਬਾਂ ਦੇ ਉਸ ਭੇੜ ਕਰਾਏ।
ਵੱਸਦੇ ਘਰਾਂ 'ਚ ਲਾਂਬੂ ਲਾਏ।
ਹੈਸੀ ਬੜਾ ਚਲਾਕ ਵਪਾਰੀ।
ਧਨ ਦੌਲਤ ਸਾਡੀ ਲੁੱਟ ਲਈ ਸਾਰੀ।

ਵੇਚ ਉਹ ਆਪਣਾ ਮਾਲ ਗਿਆ ਸੀ।
ਸਾਨੂੰ ਕਰ ਕੰਗਾਲ ਗਿਆ ਸੀ।
ਗਊ ਬੱਧ ਉਹ ਰੋਜ਼ ਕਰਾਏ।
ਥਾਂ-ਥਾਂ ਬੁੱਚੜ ਖਾਨੇ ਲਾਏ।
ਵਾਹੁੰਦੇ ਖੇਤ ਗਊ ਦੇ ਜਾਏ।
ਦੁੱਧ ਘਿਊ ਜਿਸਦਾ ਜੱਗ ਖਾਏ।
ਸਾਡਾ ਸੀਨਾ ਸਾੜ ਰਿਹਾ ਸੀ।
ਹਿੰਦੂਆਂ ਤਾਈਂ ਪਾੜ ਰਿਹਾ ਸੀ।

ਗਊ ਘਾਤ ਹਥਿਆਰ ਬਣਾ ਕੇ।
ਹਿੰਦੂ ਮੁਸਲਿਮ ਵਿਚ ਫੁੱਟ ਪਾ ਕੇ।
ਭਾਈਆਂ ਤਾਈਂ ਲੜਾਉਂਦਾ ਸੀ ਉਹ।
ਆਪਣਾ ਰਾਜ ਬਣਾਉਂਦਾ ਸੀ ਉਹ।
ਸਿਰ 'ਤੇ ਖੰਡਾ ਹੱਥ ਵਿਚ ਮਾਲਾ।
ਪ੍ਰਗਟਿਆ ਸੀ ਫਿਰ ਚੀਨੀ ਵਾਲਾ।
ਨਾਲ ਮਲੇਛਾਂ ਮੱਥਾ ਲਾਇਆ।
ਸੰਤ ਖਾਲਸਾ ਪੰਥ ਸਜਾਇਆ।

ਕੂਕੇ ਕੂਕ ਆਜ਼ਾਦੀ ਮਾਰੀ।
ਰਚਿਆ ਪੰਥ ਨਵਾਂ ਨਾਮਧਾਰੀ।
ਗੁਰ ਨਗਰੀ ਦੀ ਅਜ਼ਬ ਕਹਾਣੀ।
ਕੰਬਿਆ ਧਉਲ ਗਊ ਕੁਰਲਾਣੀ।
ਸੁੱਟ ਬੋਟੀਆਂ ਇੱਲਾਂ ਕਾਵਾਂ।
ਕੀਤੀਆਂ ਭਰਿਸ਼ਟ ਪਵਿੱਤਰ ਥਾਵਾਂ।
ਦੇਵਾ ਸਿੰਘ ਨੌਰੰਗਾ ਬਾਦੀ।
ਹੱਡੀ ਫੜ ਹੋਇਆ ਫਰਿਆਦੀ।
ਗੋਰੇ ਉਸ 'ਤੇ ਕੇਸ ਬਣਾਇਆ।

ਤਿੰਨ ਸਾਲ ਲਈ ਜੇਲ੍ਹ ਪੁਚਾਇਆ।
ਜਦ ਲੰਘਿਆ ਸੀ ਸਿਰ ਤੋਂ ਪਾਣੀ।
ਸਿਖੀ ਕੂਕਿਆਂ ਨਵੀਂ ਕਹਾਣੀ।

ਸੂਰਮਿਆਂ ਦੀ ਆਨ ਦੇ ਬਦਲੇ।
ਹਰਿਮੰਦਰ ਦੀ ਸ਼ਾਨ ਦੇ ਬਦਲੇ।
ਗੋਰੇ ਤਾਈਂ ਵੰਗਾਰਨ ਖਾਤਰ।
ਸੜਦੇ ਸੀਨੇ ਠਾਰਨ ਖਾਤਰ।
ਗੱਲ ਬਾਤ ਦਾ ਲੰਘਿਆ ਵੇਲਾ।
ਹੁਣ ਆਈ ਖੰਡੇ ਕੀ ਬੇਲਾ।
ਦਸ ਜੂਨ ਅਠਾਰਾਂ ਸੌ ਕਹੱਤਰ।
ਹੋਏ ਕੂਕੇ ਸਿੰਘ ਇਕੱਤਰ।

ਕਈ ਦਿਨ ਰਹੇ ਬਣਤ ਬਣਤਉਂਦੇ।
ਤਾੜਨ, ਮੌਕੇ ਹੱਥ ਨਾ ਆਉਂਦੇ।
ਰਾਤ ਚੌਦਾਂ ਦੀ ਕੀਤੀਆਂ ਧਾਈਆਂ।
ਛੱਡ ਤੁਰੇ ਉਹ ਨਵ-ਮੁਕਲਾਈਆਂ।
ਦਸ ਮੰਝਲਾ ਮਤਾ ਪਕਾਇਆ।
ਬੁੱਚੜਾਂ ਦਾ ਹੁਣ ਕਰੋ ਸਫ਼ਾਇਆ।
ਅੱਧੀ ਰਾਤ ਪਹਿਰ ਦੇ ਤੜਕੇ।
ਰੂਪ ਕਾਲ ਦਾ ਬਣਕੇ ਕੜਕੇ।
ਬੁੱਚੜ ਮਾਰ ਕੇ ਗਾਈਂ ਛੁਡਾਈਆਂ।
ਗਏ ਸਿੰਘ ਉਥੋਂ ਕਰ ਧਾਈਆਂ।

ਫੜੇ ਗਏ ਬੇਦੋਸ਼ ਵਿਚਾਰੇ।
ਜ਼ੁਲਮੋਂ ਡਰ ਬਣੇ ਹੱਤਿਆਰੇ।
ਝੂਠੇ ਹੀ ਅਗਵਾਹ ਬਣਾਕੇ।
ਬਾਰਾਂ ਤੋਂ ਇਕਬਾਲ ਕਰਾਕੇ।
ਬੇ ਦੋਸ਼ਾਂ ਨੂੰ ਮਾਰ ਦੇਣਗੇ।
ਸੱਚੇ ਫਾਂਸੀ ਚਾਹੜ ਦੇਣਗੇ।
ਜਿਹਨਾਂ ਬੁੱਚੜ ਸਨ ਸੰਘਾਰੇ।
ਸਿੰਘ ਗਏ ਉਹ ਗੁਰ ਦਰਬਾਰੇ।
ਗੁਰੂ ਰਾਮ ਸਿੰਘ ਬਚਨ ਸੁਣਾਏ।
ਲੱਗਾ ਬੋਹਲ਼ ਕੋਈ ਲੈ ਜਾਏ?
ਆਪੇ ਬੀਜੋ ਆਪੇ ਖਾਉ।
ਜਾ ਕੇ ਹੁਣ ਬੇ ਦੋਸ਼ ਛੁਡਾਉ।

ਬੀਹਲਾ ਸਿੰਘ ਲਹਿਣਾ ਸਿੰਘ ਜਾ ਕੇ।
ਹਾਕਮ, ਫਤੇਹ ਸਿੰਘ ਨੂੰ ਲਿਆਕੇ।
ਕਿਹਾ ਜੱਜ ਨੂੰ ਫਤੇਹ ਗਜਾ ਕੇ।
ਲਹੂ ਭਿਜੇ ਹੱਥਿਆਰ ਕੱਢਾ ਕੇ।
ਹੋਰ ਕਿਸੇ ਦਾ ਨਹੀਂ ਲੁੜਾਕਾ।
ਕੀਨਾ ਹੇਤ ਧਰਮ ਦੇ ਸਾਕਾ।
ਜੱਜ ਮੂੰਹ ਵਿਚ ਉਂਗਲਾਂ ਪਾਏ।
ਧੰਨ ਸਿੰਘ ਬੇ ਦੋਸ਼ ਛੁਡਾਏ।

ਚਹੁਆਂ ਨੂੰ ਫਾਂਸੀ ਹੁਕਮ ਸੁਣਾਏ।
ਕਾਲੇ ਪਾਣੀ ਦੋ ਪੁਚਾਏ।
ਜਿਸ ਦਿਨ ਵਕਤ ਫਾਂਸੀ ਦਾ ਆਇਆ।
ਹਰ ਮੰਦਰ ਵਿਚ ਸੀਸ ਝੁਕਾਇਆ।
ਰਾਮ ਸਰੋਵਰ ਤਾਰੀ ਲਾਈ।
ਛੈਣੇ ਢੋਲਕ ਖੂਬ ਵਜਾਈ।
ਰਾਮ ਬਾਗ ਫਾਂਸੀ ਵੱਲ ਆਉਂਦੇ।
ਪੰਜਵੇਂ ਗੁਰੂ ਦੀ ਬਾਣੀ ਗਾਉਂਦੇ।

ਤੇਰੀ ਸਰਣ ਮੇਰੇ ਦੀਨ ਦਇਆਲਾ॥
ਸੁਖ ਸਾਗਰ ਮੇਰੇ ਗੁਰ ਗੋਪਾਲਾ॥
ਕਰਿ ਕਿਰਪਾ ਨਾਨਕ ਗੁਣ ਗਾਵੈ॥
ਰਾਖਹੁ ਸਰਮ ਅਸਾੜੀ ਜੀਓ॥ -(ਮਾਝ ਮਹਲਾ 5- 105)

ਉਸੇ ਸਾਲ ਪੰਦਰਾਂ ਸਤੰਬਰ।
ਕੰਬ ਗਿਆ ਸੀ ਧਰਤੀ ਅੰਬਰ।
ਜਦੋਂ ਸ਼ਹੀਦੀਆਂ ਸਿੰਘਾਂ ਪਾਈਆਂ।
ਸਾਮਰਾਜ ਦੀਆਂ ਜੜ੍ਹਾਂ ਹਿਲਾਈਆਂ।
ਦੋ ਸਾਲ ਬਾਅਦ ਲਾਇਆ ਫਾਹੇ।
ਝੰਡਾ ਸਿੰਘ ਗਿਆ ਉਸੇ ਹੀ ਰਾਹੇ।
ਲਹਿਣਾ, ਲਾਲ ਸਿੰਘ ਕਾਲੇ ਪਾਣੀ।
ਬਦਲ ਗਏ ਤਕਦੀਰ ਪੁਰਾਣੀ।

ਲਛਮਣ, ਮਿਹਰ ਸਿੰਘ ਮਫਰੂਰ।
ਰਹੇ ਗੋਰੇ ਦੀ ਪਕੜੋਨ ਦੂਰ।
ਸ਼ਾਮਲ ਸੀ ਭਗਵਾਨ 'ਮਰਹਾਣਾ'।
ਉਸ ਵਰਤਾਇਆ ਹੋਰ ਵੀ ਭਾਣਾ।
ਐਸੀ ਚਿਣਗ ਚੁਆਤੀ ਲਾਈ।
ਬੁੱਝਣ ਵਿਚ ਇਹ ਫੇਰ ਨਾ ਆਈ।
ਧੰਨ ਗੁਰੂ ਧੰਨ ਉਸਦੇ ਚੇਲੇ।
ਰਾਮ ਬਾਗ਼ ਵਿਚ ਲੱਗਣ ਮੇਲੇ।

**-ਸੁਵਰਨ ਸਿੰਘ ਵਿਰਕ ,ਕਰੀਵਾਲਾ (ਸਿਰਸਾ)**
**ਫੋਨ: 99963-71716**

# ਜੀਅ ਦਇਆ ਪਰਵਾਨ

ਸ੍ਰੀ ਭੈਣੀ ਸਾਹਿਬ, ਪੋਹ ਦਾ ਮਹੀਨਾ, ਕੜਾਕੇ ਦੀ ਸਰਦੀ, ਕ੍ਰੀਬ ਦੋ ਡਿਗਰੀ ਸੈਂਟੀਗਰੇਟ ਟੈਂਪਰੇਚਰ ਹੋਵੇਗਾ ਉਸ ਦਿਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਗ਼ ਵਾਲੀ ਕੋਠੀ ਵਿੱਚ ਆਪਣੇ ਅਰਾਮ ਕਮਰੇ ਵਿੱਚ ਬੈਠੇ ਸਨ, ਪਾਸ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ, ਸੁਖਦੇਵ ਸਿੰਘ, ਕੁਝ ਰਾਗੀ ਨੌਜੁਆਨ, ਬਚਨ-ਬਿਲਾਸ ਹੋ ਰਹੇ ਸਨ, ਕਮਰੇ 'ਚ ਇਕ ਮੱਖੀ ਆ ਗਈ। ਸ੍ਰੀ ਸਤਿਗੁਰੂ ਜੀ ਆਪਣੇ ਕਮਰੇ 'ਚ ਕਦੇ ਮੱਖੀ ਨਹੀਂ ਸਨ ਰਹਿਣ ਦੇਂਦੇ। ਬੈਠੀ ਮੱਖੀ ਨੂੰ ਝਟਕੇ ਨਾਲ ਫੜ ਲੈਣਾ ਤੇ ਬਾਹਰ ਛੱਡ ਔਣਾ। ਆਪ ਜੀ ਦੇ ਨਜ਼ਦੀਕੀ ਸੇਵਕਾਂ ਦਾ ਵੀ ਅਭਿਆਸ ਹੋ ਚੁੱਕਾ ਸੀ। ਸੱਚੇ ਪਾਤਸ਼ਾਹ ਸਾਨੂੰ ਸੇਵਕਾਂ ਨੂੰ ਸਮਝਾਇਆ ਹੋਇਆ ਸੀ ਕਿ ਮੱਖੀ ਬੈਠੀ ਹੋਵੇ ਜਿਸ ਪਾਸੇ ਨੂੰ ਮੂੰਹ ਹੋਵੇ, ਉਸ ਪਾਸਿਉਂ ਝਟਕੇ ਨਾਲ ਫੜੋ- ਜਿਉਂ ਹੀ ਡਰ ਕੇ ਉੱਡੇਗੀ ਤਾਂ ਹੱਥ ਵਿੱਚ ਆ ਜਾਵੇਗੀ।

ਮੱਖੀ ਕਮਰੇ 'ਚ ਵਾਰ-ਵਾਰ ਸਤਿਗੁਰੂ ਜੀ ਦੇ ਚੁਫ਼ੇਰੇ ਪਰੇਸ਼ਾਨ ਕਰ ਰਹੀ ਸੀ-ਸੁਖਦੇਵ ਸਿੰਘ ਨੇ ਮੱਖੀ ਫੜ ਲਈ, ਬਾਹਰ ਛੱਡਣ ਚੱਲਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਨਾਲ ਦੇ ਕਮਰੇ 'ਚ ਜਾ ਕੇ ਛੱਡ ਦੇ, ਬਾਹਰ ਠੰਡ ਬੜੀ ਹੈ, ਵਿਚਾਰੀ ਮਰ ਜਾਏਗੀ।" ਇਸੇ ਤਰ੍ਹਾਂ ਦੀ ਹਿਰਦੇ ਦੀ ਕੋਮਲਤਾ, ਸੰਵੇਦਨ ਸ਼ੀਲਤਾ ਅਤੇ ਦਇਆ ਭਾਵ ਦੀ ਇੱਕ ਕਥਾ ਹੈ ਸੱਤਵੇਂ ਪਾਤਸ਼ਾਹ ਦੀ। ਮੀਰੀ-ਪੀਰੀ ਦੇ ਮਾਲਕ ਸਾਹਿਬ ਗੁਰੂ ਹਰਿਗੋਬਿੰਦ ਜੀ ਬਾਗ਼ ਵਿੱਚ ਟਹਿਲ ਰਹੇ ਸਨ ਨਾਲ ਮਗਰ-ਮਗਰ ਆ ਰਹੇ ਸਨ ਨਜ਼ਦੀਕੀ ਸਿੱਖ ਸੇਵਕ ਅਤੇ ਆਪ ਜੀ ਦੇ ਪੋਤਰੇ ਬਾਲਕ ਸ੍ਰੀ ਹਰਿ ਰਾਏ ਜੀ। ਗੁਰੂ ਸਾਹਿਬ ਸੈਰ ਕਰਦੇ ਕਰਦੇ ਅੱਗੇ ਨਿਕਲ ਗਏ, ਪਿਛਾਂਹ ਵੇਖਿਆ ਕਿ ਬਾਲਕ ਹਰਿ ਰਾਏ ਜੀ ਪਿਛੇ ਆ ਨਹੀਂ ਰਹੇ। ਗੁਰੂ ਜੀ ਵਾਪਸ ਆਏ ਵੇਖਿਆ ਕਿ ਬਾਲਕ ਤਾਂ ਇਕ ਫੁੱਲ ਦੇ ਬੂਟੇ ਪਾਸ ਖੜਾ ਹੈ, ਅੱਖਾਂ ਨਮ ਹਨ। ਸਾਹਿਬਾਂ ਨੇ ਪੁੱਛਿਆ, "ਬੇਟਾ ਕੀ ਗੱਲ ਹੈ, ਤੂੰ ਏਥੇ ਕਿਉਂ ਰੁਕ ਗਿਆ?"

"ਸੱਚੇ ਪਾਤਸ਼ਾਹ ਮੇਰੇ ਚੋਲੇ ਨਾਲ ਅੜ ਕੇ ਐਹ ਫੁੱਲ ਬੂਟੇ ਨਾਲੋਂ ਟੁੱਟ ਗਿਆ ਹੈ। ਮੈਂ ਕੋਸ਼ਿਸ਼ ਕਰ ਰਿਹਾ ਹਾਂ ਇਹ ਫੁੱਲ ਨਾਲ ਨਹੀਂ ਜੁੜ ਰਿਹਾ। "ਪੋਤਰੇ ਹਰਿ ਰਾਏ ਜੀ ਨੇ ਭਾਵੁਕ ਹੋ ਅਰਜ਼ ਕੀਤੀ।" "ਕੋਈ ਗੱਲ ਨਹੀਂ ਹੁਣ ਅੱਗੇ ਤੋਂ ਚੋਲਾ ਸੰਭਾਲ ਕੇ ਤੁਰਿਆ ਕਰੋ।" ਸਾਹਿਬਾਂ ਨੇ ਪ੍ਰੇਮ ਨਾਲ ਕੰਡ ਪਲੋਸਦਿਆਂ ਸਮਝਾਇਆ। ਇਹੋ ਬਾਲਕ ਹੀ ਸੀ-ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਜੀ। ਦੱਸਦੇ ਹਨ ਕਿ ਜੀਵਨ ਭਰ ਗੁਰੂ ਹਰਿ ਰਾਏ ਜੀ ਆਪਣਾ ਚੋਲਾ ਸਮੇਟ ਕੇ ਵਿਚਰਦੇ ਸਨ।"

**-ਸੇਵਕ ਹਰਪਾਲ ਸਿੰਘ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖ਼ਬਰਨਾਮਾ

## ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਮਰੀਕਾ, ਕੈਨੇਡਾ ਦੌਰਾ.....

### (੧੨ ਤੋਂ ੨੯ ਸਾਵਣ ੨੦੭੫; 27 ਜੁਲਾਈ ਤੋਂ 13 ਅਗਸਤ 2018)

ਸਤਿਗੁਰੂ ਅਰਜੁਨ ਦੇਵ ਜੀ ਰਾਗ ਆਸਾ ਵਿਚ ਸਿੱਖੀ ਫੁਲਵਾੜੀ ਦੇ ਸਿਰਜਕ, ਮਾਲਕ ਅਤੇ ਪਾਲਕ ਸਤਿਗੁਰੂ ਦੀ ਤਾਰੀਫ਼ ਲਿਖਦੇ ਹਨ –

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥**
ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ॥੧॥ ਰਹਾਉ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪੁਨੇ ਪ੍ਰਭ ਭਾਵੈ॥
ਤਿਸੁ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥

ਇਤਿਹਾਸ ਅਤੇ ਵਰਤਮਾਨ ਵਾਚਿਆ ਸਤਿਗੁਰੂ ਨਾਨਕ ਦੇਵ ਜੀ ਤੋਂ ਵਰਤਮਾਨ ਤੱਕ ਸਾਰੇ ਸਤਿਗੁਰੂ ਸਾਹਿਬਾਨ ਏਸੇ ਤਰ੍ਹਾਂ ਹੀ ਸਿੱਖਾਂ ਨੂੰ ਨਿਵਾਜਦੇ ਰਹੇ ਅਤੇ ਕਿਰਪਾ ਕਰਦੇ ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਚਾਰੇ ਦਿਸ਼ਾਵਾਂ ਵਿਚ ਚਾਰ ਉਦਾਸੀਆਂ (ਪ੍ਰਚਾਰ ਦੌਰੇ) ਕਰਕੇ ਸਿੱਖੀ ਫੁਲਵਾੜੀ ਦੀ ਰਚਨਾ ਕੀਤੀ। ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਜੀ ਅਤੇ ਗੁਰੂ ਤੇਗ ਬਹਾਦੁਰ ਜੀ ਨੇ ਵੀ ਦੇਸ਼ ਵਿਚ ਦੂਰ-ਦੁਰਾਡੇ ਪ੍ਰਚਾਰ ਦੌਰੇ ਕੀਤੇ। 'ਅਨਿਕ ਦੇਸ ਬਿਪ੍ਰੈਚ ਸਿਧਾਵੈ' ਦੇ ਭਵਿੱਖਤ ਵਾਕ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਸਮੁੰਦਰੋਂ ਪਾਰ ਦੀ ਧਰਤੀ ਨੂੰ ਤਾਰਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵਿਚ ਭਾਰਤ ਤੋਂ ਬਾਹਰ ਨਾਮਧਾਰੀ ਪੰਥ ਦਾ ਪ੍ਰਚਾਰ ਪ੍ਰਸਾਰ ਹੋਇਆ। ਆਪ ਨੇ ਈਸਟ ਅਫ਼ਰੀਕਾ, ਥਾਈਲੈਂਡ ਅਤੇ ਸਿੰਘਾਪੁਰ ਦੌਰੇ ਕਰਕੇ ਸੰਗਤਾਂ ਨੂੰ ਨਿਵਾਜਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਪੰਜਾਂ ਮਹਾਂਦੀਪਾਂ ਦੇ ਕਈ ਦੇਸਾਂ ਵਿਚ ਸਿੱਖੀ ਦਾ ਪਾਸਾਰ ਹੋਇਆ। ਆਪ ਜੀ ਨੇ ਆਪਣੀ 'ਪੰਥ ਖਾਲਸਾ' ਰੂਪ ਖੇਤੀ ਦੀ ਸਾਂਭ ਸੰਭਾਲ ਕਰਨ ਲਈ ਅਨੇਕਾਂ ਵਿਦੇਸ਼ ਦੌਰੇ ਕੀਤੇ। ਕਿਉਂਕਿ ਸਿੱਖੀ ਜਿਉਂਦੀ ਹੀ ਗੁਰੂ ਦਰਸ਼ਨ, ਗੁਰੂ ਕਿਰਪਾ ਦੁਆਰਾ ਹੈ। ਸਾਹਿਬ ਗੁਰੂ ਰਾਮ ਦਾਸ ਜੀ ਰਾਗ ਸੂਹੀ ਵਿਚ ਫ਼ੁਰਮਾਉਂਦੇ ਹਨ –

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖ ਗੁਰ ਮਿਲਿ ਬਿਗਸਾਈ॥

ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਧੀ ਸਦੀ ਤੋਂ ਵੱਧ ਆਪਣੇ ਗੁਰਤਾ ਕਾਲ ਵਿਚ ਲੱਖਾਂ ਮੀਲ ਸਫ਼ਰ ਕਰਕੇ, ਦੂਰ ਦੁਰਾਡੇ ਦੇਸ਼ਾਂ ਵਿਚ ਵੀ ਨਾਮ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਦੀ ਅਣਥੱਕ ਘਾਲਣਾ ਕਰਕੇ ਹੀ ਵਿਦੇਸ਼ਾਂ ਵਿਚ ਵੀ ਨਾਮਧਾਰੀ ਸਿੱਖ ਸਾਬਤ-ਸਰੂਪ ਅਤੇ ਖਾਲਸਈ ਰਹਿਤ ਮਰਿਯਾਦਾ ਸਾਂਭੀ ਬੈਠੇ ਹਨ। ਬਾਣੀ, ਬਾਣੇ ਅਤੇ ਗੁਰਮਤਿ ਕੀਰਤਨ ਦੇ ਸ਼ੁੱਧ ਸਰੂਪ ਨੂੰ ਸੰਭਾਲਿਆ ਹੋਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਆਪ ਜੀ ਦੀ ਰਜ਼ਾ ਅਨੁਸਾਰ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਉਦੇ ਸਿੰਘ ਜੀ ਨੇ ਸੰਭਾਲੀ। ਅੱਜ ਦੇ ਸਮੇਂ ਵਿੱਚ ਇਕ ਚੈਲੇਂਜ ਹੈ, ਨਵੀਂ ਪੀੜੀ ਨੂੰ ਸਿੱਖੀ ਸਰੂਪ ਅਤੇ ਰਹਿਤ ਮਰਿਯਾਦਾ ਨਾਲ ਜੋੜ ਕੇ ਰੱਖਣਾ। ਨਾਮਧਾਰੀ ਪੰਥ ਦੇ ਵਰਤਮਾਨ ਰਹਿਨੁਮਾ ਸਤਿਗੁਰੂ ਜੀ ਨੇ ਨੌਜੁਆਨਾਂ ਨੂੰ ਗੁਰਮਤਿ ਵਿਚ ਪਰਪੱਕ ਕਰਨ ਲਈ ਅਨੇਕਾਂ ਸਫ਼ਲ ਯਤਨ ਕੀਤੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਆਰੰਭੇ ਕਾਰਜ਼ਾਂ ਨੂੰ ਅੱਗੇ ਤੋਰਿਆ ਹੈ ਅਤੇ ਵਿਸ਼ੇਸ਼ ਕਰਕੇ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਣ ਲਈ, ਬਾਣੀ ਅਤੇ ਬਾਣੇ ਦੀ ਸ਼ੁੱਧਤਾ ਵਿਚ ਪਰਪੱਕ ਕਰਨ ਲਈ ਆਪ ਜੀ ਥਾਈਲੈਂਡ, ਯੂਰਪ, ਆਸਟ੍ਰੇਲੀਆ, ਅਫ਼ਰੀਕਾ, ਅਮਰੀਕਾ, ਕਨੇਡਾ

ਆਦਿ ਦੇਸ਼ਾਂ ਵਿਚ ਦੌਰੇ ਕਰਦੇ ਰਹਿੰਦੇ ਹਨ। ਇਸ ਵਰ੍ਹੇ ਜੁਲਾਈ-ਅਗਸਤ 2018 ਨੂੰ ਆਪਜੀ ਅਮਰੀਕਾ-ਕੈਨੇਡਾ ਦਾ ਵਿਸ਼ੇਸ਼ ਦੌਰਾ ਕੀਤਾ ਜੋ ਕਿ ਆਪਣੀ ਕਿਸਮ ਦਾ ਪਹਿਲਾ ਵਿਲੱਖਣ ਦੌਰਾ ਹੈ।

**ਲਾਸ ਐਂਜ਼ਲਸ (ਅਮਰੀਕਾ) ਸ੍ਰੀ ਸਤਿਗੁਰੂ ਜੀ ਦੀ ਆਮਦ ਦਾ ਚਾਅ...**

ਸ੍ਰੀ ਸਤਿਗੁਰੂ ਜੀ ਦਾ ਸਾਲ 2018 ਈ. ਕੈਨੇਡਾ-ਅਮਰੀਕਾ ਦੌਰਾ 27 ਜੁਲਾਈ ਤੋਂ ਲਾਸ ਐਂਜ਼ਲਸ ਤੋਂ ਆਰੰਭ ਹੋ ਕੇ ਵੈਨਕੂਵਰ, ਟੋਰਾਂਟੋ ਅਤੇ 13 ਅਗਸਤ ਨੂੰ ਨਿਊ ਯਾਰਕ ਵਿਖੇ ਸੰਪੂਰਨ ਹੋਇਆ। 25 ਜੁਲਾਈ ਤੋਂ ਹੀ ਲਾਸ ਐਂਜ਼ਲਸ ਵਿਖੇ ਸੰਗਤਾਂ ਦੀ ਆਮਦ ਸ਼ੁਰੂ ਹੋ ਗਈ, ਏਥੋਂ ਦੀਆਂ ਨਾਮਧਾਰੀ ਸੰਗਤਾਂ, ਪ੍ਰਬੰਧਕਾਂ, ਨੌਜੁਆਨਾਂ ਨੇ ਕੰਮਾਂ ਤੋਂ ਛੁਟੀਆਂ ਕਰ-ਕਰ ਕੇ ਦੌਰੇ ਦੀਆਂ ਤਿਆਰੀਆਂ ਬੜੇ ਚਾਵਾਂ ਨਾਲ ਕੀਤੀਆਂ। ਕੋਈ ਨੌਜੁਆਨ ਸੋਧ ਰੱਖਕੇ ਦਰਿਆ ਤੋਂ ਸੋਧ ਦੇ ਪਾਣੀ ਦੇ ਡਰੰਮ ਭਰ ਕੇ ਲਿਆ ਰਹੇ ਸਨ। ਨਿਊਯਾਰਕ ਤੋਂ ਪ੍ਰਵਾਰ ਸਮੇਤ ਆਏ ਸੁਖਦੇਵ ਸਿੰਘ ਸਪੁੱਤਰ ਸੰਤ ਕਸ਼ਮੀਰਾ ਸਿੰਘ ਪਾਲਕੀ ਬਣਾ ਰਹੇ ਸਨ, ਐਲ.ਏ. ਦੇ ਮੁੱਖ ਪ੍ਰਬੰਧਕ ਸੰਤ ਗੁਰਦੇਵ ਸਿੰਘ ਜੀ, ਸ਼ੁਬੇਗ ਸਿੰਘ, ਮਨਜੀਤ ਸਿੰਘ, ਬਲਵੰਤ ਸਿੰਘ, ਦੀਵਾਨ ਹਾਲ ਦੀਆਂ ਤਿਆਰੀਆਂ ਵਿੱਚ ਜੁੱਟੇ ਹੋਏ ਸਨ। ਬੱਚੇ ਕੀਰਤਨ, ਕਵਿਤਾਵਾਂ ਅਤੇ ਸਾਖੀਆਂ ਸੁਨਾਉਣ ਦੇ ਅਭਿਆਸ ਵਿਚ ਜੁੱਟੇ ਹੋਏ ਸਨ ਤਾਂ ਕਿ ਸਤਿਗੁਰੂ ਜੀ ਦੇ ਸਨਮੁੱਖ ਵਧੀਆ ਪੇਸ਼ਕਾਰੀ ਕਰਕੇ ਖੁਸ਼ੀਆਂ ਦੇ ਪਾਤਰ ਬਣ ਸੱਕਣ।

**ਲਾਸ ਐਂਜ਼ਲਸ ਵਿਖੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ :-** ਅੱਜ 27 ਜੁਲਾਈ ਦਿਨ ਸ਼ੁਕਰਵਾਰ ਲਾਸ ਐਂਜ਼ਲਸ ਦੇ ਏਅਰ ਪੋਰਟ ਦੇ ਟਰਮੀਨਲ-3 ਤੇ ਦੁਪਹਿਰੇ 1 ਵਜੇ ਨਾਮਧਾਰੀ ਸੰਗਤਾਂ ਦੀ ਆਮਦ ਸ਼ੁਰੂ ਹੋ ਗਈ। ਅਮਰੀਕਾ ਕੈਨੇਡਾ ਦੇ ਕਈ ਸ਼ਹਿਰਾਂ, ਨਿਊਯਾਰਕ, ਅਟਲਾਟਾਂ, ਸੈਨ ਹੋਜ਼ੇ, ਟੋਰਾਂਟੋ ਅਤੇ ਐਲ.ਏ. ਦੀਆਂ ਸੰਗਤਾਂ ਹੱਥਾਂ ਵਿਚ ਫੁੱਲਾਂ ਦੇ ਬੁੱਕੇ ਅਤੇ ਹਾਰ ਫੜੀ ਸਤਿਗੁਰੂ ਜੀ ਦੀ ਇੰਤਜ਼ਾਰ ਵਿਚ ਏਅਰ ਪੋਰਟ ਦੀ ਰੌਣਕ ਵਧਾ ਰਹੀਆਂ ਸਨ। ਗੋਰੇ ਲੋਕਾਂ ਲਈ ਅਗਿਆਸਾ ਦਾ ਕਾਰਨ ਸੀ। ਵੱਖਰੀ ਕਿਸਮ ਦੇ ਸਫੈਦ ਗੁਰਮੁਖੀ ਬਾਣੇ, ਹੱਥਾਂ ਵਿਚ ਫੁੱਲ ਫੜੀ- ਇਕ ਸ਼ਾਂਤ ਰੌਣਕ। ਕਈ ਪੁੱਛ ਹੀ ਲੈਂਦੇ, ਤੁਸੀਂ ਕੌਣ ਹੋ ? ਕੌਣ ਆ ਰਹੇ ਹਨ, ਜਿੰਨਾਂ ਦੇ ਸਵਾਗਤ ਲਈ ਤੁਸੀਂ ਏਨੇ ਹੁਲਾਸ ਵਿਚ ਹੋ? ਉਨ੍ਹਾਂ ਨੂੰ ਦੱਸਿਆ ਜਾਂਦਾ, ਅਸੀਂ ਨਾਮਧਾਰੀ ਸਿੱਖ ਹਾਂ, ਅੱਜ ਸਾਡੇ ਗੁਰੂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਭਾਰਤ ਤੋਂ ਆ ਰਹੇ ਹਨ।

ਕਰੀਬ ਸਾਢੇ ਕੁ ਚਾਰ ਵਜੇ ਗ੍ਰੀਬ ਨਿਵਾਜ ਜੀ, ਆਪ ਜੀ ਦੇ ਮਹਿਲ ਮਾਤਾ ਗੁਰਸ਼ਰਨ ਕੌਰ ਜੀ, ਆਪਣੇ ਸਿੱਖਾਂ ਸੇਵਕਾਂ ਸਹਿਤ ਆ ਦਰਸ਼ਨ ਦਿੱਤੇ। ਮੁੱਖ ਮੰਡਲ ਤੇ ਸਦਾ ਬਹਾਰ, ਮੁਸਕਾਨ, ਖਿੜਿਆ ਹੋਇਆ ਹੰਸੂ-ਹੰਸੂ ਕਰਦਾ ਚਿਹਰਾ। ਗ੍ਰੀਬ ਨਿਵਾਜ ਹਰ ਕਿਸੇ ਤੋਂ ਫੁੱਲਾਂ ਦੇ ਬੁੱਕੇ, ਹਾਰ ਪ੍ਰਵਾਨ ਕਰਦੇ, ਸੁੱਖ ਸਾਂਦ ਪੁੱਛਦੇ, ਇਕ ਕੁਰਸੀ ਤੇ ਵਿਛੀ ਸੁੱਚੀ ਚਾਦਰ ਤੇ ਬੈਠ ਕੇ ਆਪ ਜੀ ਨੇ ਸਭ ਨੂੰ ਨਿਵਾਜਿਆ। ਕਈ ਛੋਟੇ ਬੱਚੇ-ਬੱਚੀਆਂ ਸ੍ਰੀ ਸਤਿਗੁਰੂ ਜੀ ਨੂੰ ਜੱਫੀ ਪਾ ਕੇ ਮਿਲੇ, ਜਿਵੇਂ ਚਿਰਾਂ ਬਾਅਦ ਬੱਚੇ ਆਪਣੇ ਮਾਪਿਆਂ ਨੂੰ ਮਿਲਦੇ ਹਨ। ਸ੍ਰੀ ਸਤਿਗੁਰੂ ਜੀ ਦੇ ਨਾਲ ਸਿੱਖ ਸੇਵਕ ਸਰਵ ਸ੍ਰੀ ਸੰਤ ਕਰਤਾਰ ਸਿੰਘ ਸੇਵਕ, ਬਲਵੰਤ ਸਿੰਘ ਰਾਗੀ ਅਤੇ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ, ਸੰਤ ਨਿਸ਼ਾਨ ਸਿੰਘ ਜੀ, ਸੂਬਾ ਹਰਭਜਨ ਸਿੰਘ ਜੀ, ਬੀਬੀ ਸੁਖਵਿੰਦਰ ਕੌਰ, ਨਰਿੰਦਰਪਾਲ ਸਿੰਘ ਹੈਪੀ, ਬੀਬੀ ਕਿਰਨ ਕੌਰ ਵੀ ਪਧਾਰੇ। ਬਲਦੇਵ ਸਿੰਘ ਬਾਜਵਾ, ਹਰਪਾਲ ਸਿੰਘ ਸੇਵਕ ਦੋ ਦਿਨ ਪਹਿਲਾਂ ਹੀ ਏਥੇ ਪਹੁੰਚ ਚੁੱਕੇ ਸਨ। ਏਅਰ ਪੋਰਟ ਤੋਂ ਗਰੀਬ ਨਿਵਾਜ ਜੀ ਸੰਗਤਾਂ ਸਹਿਤ ਡੇਰੇ ਸ੍ਰ: ਸੁਬੇਗ ਸਿੰਘ ਜੀ ਦੇ ਘਰ ਪਧਾਰੇ। ਡੇਰੇ ਪੁੱਜਣ ਤੇ ਸਤਿਗੁਰੂ ਜੀ ਦਾ ਬੜਾ ਨਿੱਘਾ ਸਵਾਗਤ ਕੀਤਾ ਗਿਆ। ਏਥੇ ਹੋਰ ਵੀ ਬਾਹਰੋਂ ਆਈਆਂ ਲੋਕਲ ਸੰਗਤਾਂ ਨੇ ਵੀ ਚਰਨ ਪਰਸੇ। ਸ੍ਰ: ਸੁਬੇਗ ਸਿੰਘ ਸਪਤੁਰ ਸ੍ਰ: ਅਮਰ ਸਿੰਘ, ਇਹਨਾਂ ਦੀ ਸੁਪਤਨੀ, ਦੋ ਬੱਚੇ, ਕਾਕਾ ਅਜੇਪਾਲ ਸਿੰਘ ਅਤੇ ਬੇਟੀ ਮਨਜੀਤ ਕੌਰ ਹੈ। ਨੂੰਹ, ਸਪੁੱਤਰੀ ਦੀਦਾਰ ਸਿੰਘ (ਹਾਕੀ ਕੋਚ), ਸ਼ੁਬੇਗ ਸਿੰਘ ਦਾ ਚਾਅ ਸੰਭਾਲਿਆਂ ਨਹੀਂ ਸੀ ਜਾ ਰਿਹਾ। ਉਨ੍ਹਾਂ ਕਿਹਾ, ਸਾਡੇ ਤਾਂ ਸਾਰੇ ਕਾਰਜ ਸਤਿਗੁਰੂ ਸੱਚੇ ਪਾਤਸ਼ਾਹ ਨੇ ਆਪ ਕਿਰਪਾ ਕਰਕੇ ਕੀਤੇ ਹਨ। ਵਿਹਾਰ ਵੀ ਆਪ ਜੀ ਦੀ ਕਿਰਪਾ ਨਾਲ ਬਹੁਤ ਵਧੀਆ ਹੈ ਅਤੇ ਪਰਵਾਰਕ ਕਾਰਜ ਵੀ ਸੱਚੇਪਾਤਸ਼ਾਹ ਜੀ ਦੀ ਕਿਰਪਾ ਸਦਕਾ ਹੋਏ ਹਨ। ਮੇਰੀ ਬੇਟੀ ਦਾ ਆਨੰਦ ਕਾਰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਸੀ ਅਤੇ ਬੇਟੇ ਦਾ ਆਨੰਦ ਸਤਿਗੁਰੂ ਉਦੇ ਸਿੰਘ ਜੀ ਨੇ ਆਪ ਕਿਰਪਾ ਕਰਕੇ ਕੀਤਾ ਹੈ। ਅੱਜ ਕਰੀਬ 12 ਹਜ਼ਾਰ ਕਿਲੋਮੀਟਰ ਦਾ ਹਵਾਈ ਸਫ਼ਰ ਕਰਕੇ ਗਰੀਬ ਨਿਵਾਜ਼ ਜੀ ਲੇਟ ਹੀ ਪੁੱਜੇ। ਇਸ ਲਈ ਸ਼ਾਮ ਦਾ ਪ੍ਰੋਗਰਾਮ ਨਹੀਂ ਰਖਿਆ। ਸੱਚੇਪਾਤਸ਼ਾਹ ਜੀ ਨੇ ਵੀ ਜਲ ਪਾਣੀ ਛੱਕਿਆ ਅਤੇ ਸੰਗਤਾਂ ਨੇ ਵੀ ਲੰਗਰ ਛੱਕਿਆ।

**28 ਜੁਲਾਈ -ਆਸਾ ਦੀ ਵਾਰ ਅਤੇ ਸਤਿਗੁਰੂ ਸਵਾਗਤ:-** ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਐਲ.ਏ. ਦੇ ਚਿਨੋ (Chino) ਕਮਿਊਨਿਟੀ ਸੈਂਟਰ ਦੇ ਸੁੰਦਰ ਹਾਲ ਵਿਚ ਅੰਮ੍ਰਿਤ ਵੇਲੇ ਚਾਰ ਵਜੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋਇਆ। ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ, ਹਰਪ੍ਰੀਤ ਸਿੰਘ ਜੀ ਸੋਨੂੰ ਅਤੇ ਇੰਗਲੈਂਡ ਤੋਂ ਆਏ ਕਿਰਪਾਲ ਸਿੰਘ ਤਾਰ ਸ਼ਹਿਨਾਈ, ਬਲਵੰਤ ਸਿੰਘ ਬਾਂਸੁਰੀ, ਗੁਰਦਿੱਤ ਸਿੰਘ ਤਬਲੇ ਤੇ ਸਾਥ ਦੇ ਰਹੇ ਸਨ। ਰਸ ਭਿੰਨਾ ਕੀਰਤਨ ਹੋਇਆ। ਵਿਸ਼ਾਲ ਹਾਲ ਸੁੰਦਰ ਪਾਲਕੀ ਅਤੇ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਇਤਿਹਾਸਿਕ ਤਸਵੀਰਾਂ ਦੀ ਚਿੱਤਰ-ਪ੍ਰਦਸ਼ਨੀ ਨਾਲ ਸੁਸੱਜਿਤ ਹਾਲ ਕਿਸੇ ਇਤਿਹਾਸਿਕ ਮੇਲੇ ਦਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਆਸਾ ਦੀ ਵਾਰ ਦੇ ਭੋਗ ਦੀ ਅਰਦਾਸ ਸੰਤ ਨਿਸ਼ਾਨ ਸਿੰਘ ਜੀ ਨੇ ਕੀਤੀ।

ਉਪਰੰਤ ਬਲਵੰਤ ਸਿੰਘ ਸਪੁੱਤਰ ਬਲਦੇਵ ਸਿੰਘ ਨੇ ਮੰਚ ਸੰਭਾਲਿਆ। ਸਭ ਤੋਂ ਪਹਿਲਾਂ ਸੇਵਕ ਹਰਪਾਲ ਸਿੰਘ ਨੂੰ ਪੇਸ਼ ਕੀਤਾ। ਸੇਵਕ ਜੀ ਨੇ ਸੰਗਤਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ, ਸਾਧ ਸੰਗਤ ਜੀ ਅਸੀਂ ਵਡ-ਭਾਗੇ ਹਾਂ। ਸਤਿਗੁਰੂ ਜੀ ਦੇ ਪਾਵਨ ਦਰਸ਼ਨ ਪਰਸੇ ਹਨ। ਆਸਾ ਦੀ ਵਾਰ ਦਾ ਕੀਰਤਨ ਸ੍ਰਵਣ ਕੀਤਾ ਹੈ। ਸਾਨੂੰ ਨਾਮ ਬਾਣੀ ਅਤੇ ਗੁਰਮਤਿ ਦੀ ਅਮੋਲਕ ਦਾਤ ਜੋ ਪ੍ਰਾਪਤ ਹੋਈ ਹੈ ਇਹ ਕੇਵਲ ਸਤਿਗੁਰੂ ਚਰਨਾਂ ਤੋਂ ਹੀ ਪ੍ਰਾਪਤ ਹੋ ਸਕਦੀ ਹੈ। ਸਾਨੂੰ ਉਹ ਸਤਿਗੁਰੂ ਮਿਲਿਆ ਹੈ ਜਿਸ ਦੀ ਤਾਰੀਫ ਹੈ -

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖ ਬਿਕਾਰ ਤੇ ਹਾਟੈ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖ ਵਡਭਾਗੀ ਹੇ॥

ਸੱਚਮੁੱਚ ਹੀ ਅਸੀਂ ਵਡਭਾਗੇ ਹਾਂ ਜਿਨਾਂ ਨੂੰ ਐਸਾ ਸਤਿਗੁਰੂ ਮਿਲਿਆ ਹੈ ਜਿਸਦੀ ਕਿਰਪਾ ਨਾਲ ਸਾਡੀ ਖੋਟੀ ਬੁੱਧੀ ਖਤਮ ਹੋ ਜਾਂਦੀ ਹੈ। ਸਦਬੁੱਧੀ ਪ੍ਰਾਪਤ ਹੁੰਦੀ ਹੈ। ਐਸ ਕਲਿਜੁਗ ਦੇ ਸਮੇਂ ਵਿਚ ਨਾਮ ਜੱਪਣ, ਕੀਰਤਨ ਸੁਣਨ, ਅਤੇ ਹਰਿ ਜੱਸ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਹੈ। ਧੰਨ ਭਾਗ ਹਨ ਕਿ ਸੰਗਤਾਂ ਦੀ ਅਰਦਾਸ ਪ੍ਰਵਾਨ ਕਰਕੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਹਨ।

ਨੌਜੁਆਨ ਬਲਵੰਤ ਸਿੰਘ ਨੇ ਸਤਿਗੁਰੂ ਜੀ ਦੀ ਆਮਦ ਦਾ ਸ਼ੁਕਰਾਨਾ ਇਨਾਂ ਸ਼ਬਦਾਂ ਵਿਚ ਕੀਤਾ:-

ਤੁਸੀਂ ਲੰਮੀ ਜੁਦਾਈ ਦੀ ਰੁੱਤ ਪਿਛੋਂ
ਅਚਨਚੇਤ ਇੰਜ ਆਏ।
ਜਿਉਂ ਵਰ੍ਹਿਆਂ ਦੀਆਂ ਔੜਾਂ ਅੰਦਰ
ਮੇਘ ਮਿਹਰ ਵੱਸ ਜਾਏ।

ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਹੋਏ, ਪਰਦੇਸੀਂ ਵੱਸਦੀਆਂ ਸੰਗਤਾਂ ਲਈ ਤਾਂ ਜਿਵੇਂ ਚਿਰ ਪਿਆਸੀ ਧਰਤੀ ਨੂੰ ਰੱਜਵੀਂ ਬਰਸਾਤ ਮਿਲ ਜਾਵੇ। ਸ਼ੁਕਰ ਹੈ, ਕੋਟਾਨ ਕੋਟ ਧੰਨਵਾਦ ਹੈ, ਸਤਿਗੁਰੂ ਸੱਚੇ ਪਾਤਸ਼ਾਹ ਦਾ, ਮਾਤਾ ਜੀ ਅਤੇ ਨਾਲ ਆਏ ਹਜ਼ੂਰੀ ਰਾਗੀ ਜਥੇ ਅਤੇ ਸੰਗਤਾਂ ਦਾ।

ਉਪਰੰਤ ਸੰਤ ਗੁਰਦੇਵ ਸਿੰਘ ਜੀ ਮੰਚ ਤੇ ਉਪਸਥਿਤ ਹੋਏ, ਆਪ ਦਾ ਦਰਸ਼ਨ ਹੀ ਇਕ ਰਿਸ਼ੀਆਂ ਮੁਨਿਆਂ ਵਰਗੇ ਗੁਰਸਿੱਖ ਵਰਗਾ ਹੈ। ਆਪ ਬੜੇ ਹੀ ਭਿੱਜੇ ਹੋਏ ਭਾਵੁਕ ਸ਼ਬਦਾਂ ਵਿਚ ਸੰਗਤ ਨੂੰ ਸੰਬੋਧਨ ਹੋਏ। ਧੰਨ ਸਤਿਗੁਰੂ ਨਾਨਕ ਦੇਵ, ਧੰਨ ਸਤਿਗੁਰੂ ਰਾਮ ਸਿੰਘ ਅਤੇ ਧੰਨ ਸਤਿਗੁਰੂ ਜਗਜੀਤ ਸਿੰਘ ਅਖਵਾ ਕੇ ਸ੍ਰੀ ਸਤਿਗੁਰੂ ਜੀ ਨੂੰ ਇਨ੍ਹਾਂ ਸ਼ਬਦਾਂ 'ਚ ਜੀਓ ਆਇਆ ਕਿਹਾ:-

"ਆਏ ਹੋ ਸਾਡਾ ਤਨ ਮਨ ਮਉਲਿਆ
ਚਾਵਾਂ ਨੂੰ ਖੰਭ ਲੱਗੇ।
ਸੀਤ ਪੌਣ ਜਿਉਂ ਵਿਚ ਹਾੜਾਂ
ਕਿਤੋਂ ਆਣ ਪਹਾੜੋਂ ਵੱਗੇ।
ਜਾਂ ਫਿਰ ਪੋਹ ਮਾਘ ਦੀਆਂ ਰਾਤੀਂ
ਨਿੱਘੀਆਂ ਤੇਰੇ ਸਾਹੀਂ।
ਬੋਲ, ਨਦਰਿ, ਛੁਹ, ਰਹਿਮਤ ਤੇਰੀ
ਸਾਨੂੰ ਰੱਬੀ ਰਹਿਮਤ ਲੱਗੇ॥"

ਸਾਡੇ ਧੰਨ ਭਾਗ ਹਨ, ਸਤਿਗੁਰੂ ਸੱਚੇ ਪਾਤਸ਼ਾਹ ਸਾਡੇ ਤੇ ਰਹਿਮਤ ਕੀਤੀ, ਦਰਸ਼ਨ ਦਿੱਤੇ ਹਨ-

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥

ਗ੍ਰੀਬ ਨਿਵਾਜ਼ ਜੀ ਸਾਰੀ ਸੰਗਤ ਦਿਲ ਦੀ ਗਹਿਰਾਈਆਂ ਤੋਂ ਆਪ ਜੀ ਨੂੰ ਜੀਓ ਆਇਆਂ ਆਖਦੀ ਹੈ। ਸਾਰੀ ਸੰਗਤ ਧੰਨਤਾ ਯੋਗ, ਜੋ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰ ਰਹੇ ਹੋ। ਦਰਸ਼ਨ ਮਹਾਤਮ ਬਾਰੇ ਫੁਰਮਾਨ ਹੈ:-

ਮਾਈ ਚਰਨ ਗੁਰ ਮੀਠੇ॥
ਵਡੈ ਭਾਗ ਦੇਵੈ ਪਰਮੇਸਰੁ
ਕੋਟਿ ਫਲਾ ਦਰਸਨ ਗੁਰ ਡੀਠੇ॥

ਸਾਡੇ ਕੋਲ ਸ਼ਬਦ ਨਹੀਂ ਹਨ ਕਿ ਅਸੀਂ ਧੰਨਵਾਦ ਕਰ ਸਕੀਏ, ਅਰਦਾਸ ਹੀ ਹੈ ਕਿ ਸਤਿਗੁਰੂ-ਸੱਚੇ ਪਾਤਸ਼ਾਹ ਸਾਡੇ ਤੇ ਕਿਰਪਾ ਕਰਨ, ਅਸੀਂ ਚਰਨਾਂ ਨਾਲ ਜੁੜੇ ਰਹੀਏ ਅਤੇ ਆਪ ਜੀ ਦੀ ਰਹਿਮਤ ਏਸੇ ਤਰਾਂ ਸਾਡੇ ਤੇ ਵਰਸਦੀ ਰਹੇ। ਸੰਤ ਗੁਰਦੇਵ ਸਿੰਘ ਜੀ ਪ੍ਰੇਮ ਵਿਚ, ਦਰਸ਼ਨ ਦੀ ਖੁਸ਼ੀ ਵਿਚ ਏਨੇ ਭਾਵੁਕ ਹੋ ਗਏ, ਹੋਰ ਸ਼ਬਦ ਬੋਲੇ ਨਹੀਂ ਗਏ, ਬਸ ਏਨਾਂ ਹੀ ਕਹਿ ਕੇ ਸਮਾਪਤ ਕੀਤਾ- 'ਕਿਰਪਾ ਕਰੋ, ਸਾਡਾ ਸਿਦਕ ਭਰੋਸਾ ਕਾਇਮ ਰਹੇ।' ਪ੍ਰੋਗ੍ਰਾਮ ਅਨੁਸਾਰ ਬੀਬੀ ਬਲਬੀਰ ਕੌਰ ਨੇ ਕਵਿਤਾ ਪੜ੍ਹ ਕੇ ਸਤਿਗੁਰੂ ਜੀ ਦਾ ਸਵਾਗਤ ਕਰਨਾ ਸੀ ਪਰ ਸਤਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਕਿਰਪਾ ਕੀਤੀ, ਸ਼ੁਭ ਪ੍ਰਵਚਨ ਕੀਤੇ :

## ਗੁਰ-ਉਪਦੇਸ਼

**ਸਤਿਕਾਰ ਯੋਗ ਸਾਧ ਸੰਗਤ ਜੀ, ਸਾਰੇ ਹੀ ਬੜੇ ਪਿਆਰ ਨਾਲ ਆਖੀਏ- ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ-**

**ਏਸ ਦੇਸ਼ ਵਿਚ ਬੈਠੇ ਹੋਏ, ਅੱਜ ਅੰਮ੍ਰਿਤ ਵੇਲੇ ਤੋਂ ਆ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਹੈ, ਸਾਧ ਸੰਗਤ ਦੇ ਦਰਸ਼ਨ ਕੀਤੇ ਹਨ। ਬਹੁਤ ਖੁਸ਼ੀ ਹੋਈ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਤੁਸੀਂ ਦੇਸ਼ ਤੋਂ ਏਨੀਂ ਦੂਰ ਬੈਠਿਆਂ ਹੋਇਆਂ, ਸਿੱਖੀ ਕਾਇਮ ਰੱਖੀ ਹੈ। ਜਿੰਨਾਂ ਜਿੰਨਾਂ ਸਿੱਖਾਂ ਸਾਧਾਂ ਨੇ ਵਿਸ਼ੇਸ਼ ਕਰਕੇ ਸੰਤ ਗੁਰਦੇਵ ਸਿੰਘ ਹੁਰਾਂ ਦਾ ਵੀ ਬੜਾ ਵੱਡਾ**

ਹਿੱਸਾ ਹੈ ਕਿ ਸੱਚੇ ਪਾਤਸ਼ਾਹ ਉਨ੍ਹਾਂ ਤੋਂ ਬੜੀ ਵੱਡੀ ਸੇਵਾ ਲੈਂਦੇ ਨੇ। ਬਖਸ਼ਿਸ਼ ਕਰਨ ਕਿ ਇਵੇਂ ਹੀ ਅਸੀਂ ਸਤਿਗੁਰੂ ਸੱਚੇਪਾਤਸ਼ਾਹ ਦੀ ਸਿੱਖੀ ਤੇ ਚੱਲ ਸਕੀਏ। ਅੱਜ ਆਸਾ ਦੀ ਵਾਰ ਵਿਚ ਇਕ ਸ਼ਬਦ ਪੜ੍ਹਿਆ ਸੀ ਬਲਵੰਤ ਸਿੰਘ ਹੁਰਾਂ ਨੇ- "ਗੁਰ ਸੰਤ ਜਨੋ ਪਿਆਰਾ ਮੈ ਮਿਲਿਆ, ਮੇਰੀ ਤ੍ਰਿਸਨਾ ਬੁਝ ਗਈ ਆਸੇ॥" - ਬੜੀ ਵੱਡੀ ਗੱਲ ਹੈ, ਬੜੀ ਦੂਰ ਦੀ ਗੱਲ ਹੈ ਪਰ ਮੈਂ ਇਸ ਕਰਕੇ ਆਖਦਾ ਹਾਂ ਕਿ ਸਾਨੂੰ ਪਤਾ ਹੋਵੇ ਕਿ ਅਸੀਂ ਪਹੁੰਚਣਾ ਕਿੱਥੇ ਹੈ। ਸਤਿਗੁਰੂ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ, ਸੰਤ ਜਨੋ ਮੈਨੂੰ ਗੁਰੂ ਮਿਲਿਆ ਹੈ, ਉਹਦੀ ਕਰਪਾ ਨਾਲ ਮੇਰੀ ਤ੍ਰਿਸਨਾ ਬੁਝ ਗਈ ਹੈ। ਤ੍ਰਿਸਨਾ ਤੋਂ ਮਤਲਬ ਮੇਰੀਆਂ ਇੱਛਾਂਵਾਂ (ਡਿਜ਼ਾਇਰਜ਼) ਖ਼ਤਮ ਹੋ ਗਈਆਂ ਹਨ। ਸਾਨੂੰ ਦੁੱਖ ਕਿਸ ਚੀਜ਼ ਦਾ ਹੁੰਦਾ ਹੈ। ਸਾਨੂੰ ਦੁੱਖ ਦੇਣ ਵਾਲੀ ਮੁੱਖ ਰੂਪ ਵਿਚ ਤ੍ਰਿਸਨਾ ਹੀ ਹੈ। ਜਦੋਂ ਸਾਡੀ ਇਕ ਤ੍ਰਿਸਨਾ ਪੂਰੀ ਹੋ ਜਾਂਦੀ ਹੈ ਨਾਲ ਹੀ ਦੂਜੀ ਮੰਗ (ਡਿਮਾਂਡ) ਸ਼ੁਰੂ ਹੋ ਜਾਂਦੀ ਹੈ। ਸੱਚੇਪਾਤਸ਼ਾਹ ਹੁਕਮ ਕਰਦੇ ਨੇ- ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ।- ਤ੍ਰਿਸਨਾ ਉਸ ਦੀ ਬੁਝਦੀ ਹੈ, ਜੇਹੜਾ ਉਸ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ ਭਾਵ ਇਕ ਹੋ ਜਾਂਦਾ ਹੈ। ਉਹ ਤ੍ਰਿਸਨਾ ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਤੋਂ ਬਿਨਾਂ ਨਹੀਂ ਬੁਝਦੀ। ਆਪਣੇ ਯਤਨ ਨਾਲ ਨਹੀਂ ਬੁਝਦੀ। ਆਪਾਂ ਪਤਾ ਨਹੀਂ ਉਸ ਅਵਸਥਾ ਤੱਕ ਪਹੁੰਚ ਸਕਦੇ ਹਾਂ ਕਿ ਨਹੀਂ, ਪਰ ਮਨ ਵਿਚ ਤਾਂ ਜ਼ਰੂਰ ਰੱਖੀਏ ਕਿ ਸਾਨੂੰ ਸੁਖ ਕਿਸ ਤਰ੍ਹਾਂ ਮਿਲਨਾ ਹੈ ? ਉਹ ਸੁਖ ਤਾਂ ਮਿਲਣਾ ਹੈ ਜੇ ਸਾਡੀ ਤ੍ਰਿਸਨਾ ਬੁੱਝ ਜਾਵੇ। ਏਸੇ ਸ਼ਬਦ ਵਿਚ ਪ੍ਰਮਾਣ ਦਿੱਤਾ ਸੀ ਜਿਸ ਦਾ ਭਾਵ ਹੈ ਕਿ ਮੈਨੂੰ ਸਤਿ-ਪੁਰਖ ਮਿਲਿਆ ਹੈ। ਜਿਸ ਕਰਕੇ ਮੇਰੇ ਮਨ ਨੂੰ ਸ਼ਾਂਤੀ ਆ ਗਈ ਹੈ। ਆਪਾਂ ਜਦੋਂ ਸੰਗਤ ਵਿਚ ਜਾਂਦੇ ਹਾਂ ਕਿਸੇ ਕੰਮ ਨੂੰ ਵੀ ਜਾਂਦੇ ਹਾਂ, ਆਪਾਂ ਟਾਰਗੈੱਟ (ਨਿਸ਼ਾਨਾ) ਲੈ ਕੇ ਚਲਦੇ ਹਾਂ ਕਿ ਮੈਂ ਜੇ ਉਥੇ ਜਾਣਾ ਹੈ ਐਹ ਪ੍ਰਾਪਤ (ਅਚੀਵ) ਕਰਨਾ ਹੈ, ਸੌਦਾ ਕਰਨਾ ਹੈ, ਮੈਂ ਆਪਣੀ ਪ੍ਰੋਡਕਟ ਵੇਚ ਕੇ ਆਉਣੀ ਹੈ, ਉਥੋਂ ਮੈਨੂੰ ਐਹ ਰਿਟਰਨ ਮਿਲਨੀ ਹੈ ਤਾਂ ਮੈਨੂੰ ਐਹ ਫਾਇਦਾ ਹੋਣਾ ਹੈ। ਮੈਂ ਇਸ ਲਈ ਆਖਦਾ ਹਾਂ ਕਿ ਜੇ ਆਪਾਂ ਸੰਗਤ ਵਿਚ ਆਉਣਾ ਹੈ ਤਾਂ ਇਹ ਸੋਚ ਕੇ ਆਈਏ ਕਿ ਮੈਂ ਇਥੋਂ ਪ੍ਰਾਪਤ ਕੀ ਕਰਨਾ ਹੈ ? ਉਸ ਸ਼ਬਦ ਵਿੱਚ ਅੱਗੇ ਸੀ ਕਿ ਉਸ ਸਤਿਗੁਰੂ ਦੀ ਕਿਰਪਾ ਨਾਲ ਮੈਨੂੰ ਵੈਰੀ ਤੇ ਮਿਤ੍ਰ ਇਕੋ ਜਿਹੇ ਦਿਸਦੇ ਹਨ।- ਕਿੱਡੀ ਵੱਡੀ ਦੂਰ ਦੀ ਅਤੇ ਕਿੱਡੀ ਉੱਚੀ ਗੱਲ ਹੈ। ਜੇ ਉਥੇ ਪਹੁੰਚ ਨਹੀਂ ਸਕਦੇ। ਪਰ ਜੇ ਅਸੀਂ ਉਸ ਗਲ ਨੂੰ ਅੰਦਰੋਂ ਮਨ ਚੋਂ ਸੋਚ ਕੇ ਵੇਖੋ ਕਿ ਉਸ ਗਲ ਦਾ ਅਨੰਦ ਹੀ ਕਿੰਨਾਂ ਹੈ ਜੇ ਆਪਾਂ ਘਰ ਬੈਠ ਕੇ ਇਹ ਗਲਾਂ ਕਰਾਂਗੇ ਤਾਂ ਸਾਡਾ ਜੀਅ ਜ਼ਰੂਰ ਕਰੇਗਾ ਕਿ ਇਥੇ ਆਪਾਂ ਪਹੁੰਚਣਾ ਹੈ। ਕਦੀ ਕਿਤੇ ਬੈਠਿਆਂ ਬਾਣੀ ਦੀ ਇਕ ਤੁਕ ਦਾ ਵੀ ਜੇ ਸਾਡੇ ਤੇ ਅਸਰ ਹੋ ਜਾਂਦਾ ਹੈ, ਉਸ ਤੇ ਜੇ ਵਿਚਾਰ ਕਰ ਲੈਂਦੇ ਹਾਂ ਤਾਂ ਸਾਡੀ ਉਹ ਘੜੀ ਸੁਖ ਨਾਲ ਲੰਘ ਜਾਂਦੀ ਹੈ। ਮਹਿਸੂਸ ਹੁੰਦਾ ਹੈ ਕਿ ਅੱਜ ਮੇਰੇ ਮਨ ਨੂੰ ਕਿੰਨੀ ਸ਼ਾਂਤੀ ਹੈ, ਅੱਜ ਮੇਰੇ ਅੰਦਰ ਤ੍ਰਿਸਨਾ ਕੋਈ ਨਹੀਂ। ਜਿਹਦੀ ਤ੍ਰਿਸਨਾ ਪੂਰੀ ਤਰ੍ਹਾਂ ਬੁਝ ਗਈ, ਉਹਦੇ ਤਾਂ ਦਰਸ਼ਨ ਕਰਨੇ ਹੀ ਵੱਡੇ ਭਾਗ ਨੇ। ਜੇ ਕਿਸੇ ਵੇਲੇ ਆਪਾਂ ਮਨੋਂ ਅਰਦਾਸ ਹੀ ਕਰ ਦੇਈਏ ਕਿ ਸਚੇ ਪਾਤਸ਼ਾਹ ਮੈਨੂੰ ਆਪਣੇ ਦਿਤੇ ਤੇ ਸੰਤੋਖ ਦਾ ਦਾਨ ਬਖਸ਼, ਇਨੇ ਨਾਲ ਹੀ ਮਨ ਸ਼ਾਂਤ ਤੇ ਅਨੰਦ ਹੋ ਜਾਂਦਾ ਹੈ। ਉਸ ਤ੍ਰਿਸਨਾ ਬੁਝਾਉਣ ਵਾਲੇ ਰਸਤੇ ਤੇ ਛੋਟਾ ਕਿਹਾ ਕਦਮ ਤੇ ਮੇਰਾ ਹੋ ਗਿਆ। ਕਿਸੇ ਦਿਨ ਮੇਰੇ ਕੰਮ ਦੀ ਮੈਨੂੰ ਬਹੁਤ ਭਟਕਨਾ ਲੱਗੀ ਹੋਵੇ ਤਾਂ ਉਸ ਵੇਲੇ ਜੇ ਅਰਦਾਸ ਕਰੀਏ ਕਿ ਸੱਚੇ ਪਾਤਸ਼ਾਹ ਮੇਰੇ ਤੇ ਏਨੀ ਕਿਰਪਾ ਕਰ ਦੇਹ ਕਿ ਮੈਂ ਤੇਰੀ ਰਜ਼ਾ ਵਿਚ ਖੁਸ਼ ਰਵ੍ਹਾਂ, ਜੋ ਤੈਨੂੰ ਚੰਗਾ ਲਗਦਾ ਹੈ, ਉਹ ਹੋਵੇ। ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਦੇ ਕਦੇ ਹੁਕਮ ਕਰਦੇ ਹੁੰਦੇ ਸੀ ਕਿ ਸਾਡੀਆਂ ਮੰਗਾਂ ਤੇ ਬਹੁਤ ਛੋਟੀਆਂ ਨੇ, ਜੋ ਕੁਝ ਮੇਰੇ ਮਾਲਕ ਸਤਿਗੁਰੂ ਨੇ ਦੇਣਾ ਹੈ, ਉਹ ਬਹੁਤ ਵੱਡਾ ਹੈ। ਵਾਕਿਆ ਹੀ ਸਾਡੀਆਂ ਮੰਗਾਂ ਬਹੁਤ ਥੱਲੇ ਰਹਿ ਜਾਂਦੀਆਂ ਨੇ। ਅੱਜ ਇਹ ਸ਼ਬਦ ਸੁਣ ਕੇ ਮੇਰਾ ਜੀਅ ਕੀਤਾ ਗਲ ਕਰਨ ਨੂੰ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ ਸਾਡੀ ਤ੍ਰਿਸਨਾ ਬੁੱਝ ਜਾਵੇ, ਨਹੀਂ ਤੇ ਭਟਕਨਾਂ ਮੁੱਕਦੀ ਨਹੀਂ, ਜਿੰਦਗੀ ਮੁੱਕ ਜਾਂਦੀ ਹੈ, ਮਰਨ ਵੇਲੇ ਤੱਕ ਨਹੀਂ ਮੁੱਕਦੀ।

ਇਕ ਦਿਨ ਮੈਂ ਖਬਰ ਪੜ੍ਹ ਰਿਹਾ ਸੀ ਕਿ ਨਾਈਜ਼ੀਰੀਆ ਦਾ ਡਿਕਟੇਟਰ ਮਰ ਗਿਆ। ਉਸਦੇ ਕਈ ਬਿਲੀਅਨ ਡਾਲਰ ਸਵਿਸ ਬੈਂਕ ਅਕਾਉਂਟ ਵਿਚ ਪਏ ਨੇ। ਸਵਿਸ ਗਵਰਨਰਮੈਂਟ ਨਾਈਜ਼ੀਰੀਆਂ ਵਾਲਿਆਂ ਨੂੰ ਕਹਿ ਰਹੀ ਹੈ ਕਿ ਜੇ ਤੁਸੀਂ ਇਹ ਪੈਸਾ ਗਰੀਬਾਂ 'ਚ ਵਰਤਨਾ ਹੈ ਤਾਂ ਲੈ ਜਾਓ। ਕਿਨੇ ਬਿਲੀਅਨ ਡਾਲਰ ਇੱਕਠੇ ਕਰਕੇ ਵੀ ਤ੍ਰਿਸਨਾ ਨਹੀਂ ਬੁੱਝੀ। ਉਹ ਕਿਸੇ ਸਾਧੂ ਸੰਤ ਦੇ, ਸਤਿਗੁਰੂ ਦੇ ਚਰਨਾਂ ਵਿਚ ਬੈਠ ਕੇ ਤ੍ਰਿਸਨਾ ਮੁੱਕ ਜਾਂਦੀ ਹੈ। ਉਹ ਸੁੱਖੀ ਹੋ ਜਾਂਦਾ ਹੈ ਉਹ ਸਦਾ ਜੀਉਂਦਾ ਹੈ। ਉਹ ਕਦੇ ਮਰਦਾ ਨਹੀਂ। ਇਹ ਸ਼ਬਦ ਮੈਨੂੰ ਬਹੁਤ ਚੰਗਾ ਲਗਾ ਸੀ। ਜੀਅ ਕੀਤਾ ਸੀ ਕਿ ਤੁਹਾਡੇ ਨਾਲ ਸ਼ੇਅਰ ਕਰਾਂ। ਇਕ ਮੈਂ ਸਾਰੇ ਹੀ ਬੋਲਣ ਵਾਲਿਆਂ ਨੂੰ ਅਰਜ਼ ਕਰਦਾ ਹਾਂ ਕਿ ਆਪਾਂ ਆਪਣੇ ਸਤਿਗੁਰੂ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਫ਼ਤ ਕਰੀਏ। ਇਥੇ ਮੇਰੇ ਵਾਸਤੇ, ਮੇਰੀ ਤਾਰੀਫ਼ ਵਿਚ ਕੁਝ ਨਾ ਕਹਿਆ ਜਾਵੇ। ਮੈ ਆਪਣੇ ਧੰਨ ਭਾਗ ਸਮਝਦਾ ਹਾਂ ਕਿ ਸੱਚੇ ਪਾਤਸ਼ਾਹ ਦੇ ਹੁਕਮਨੁਸਾਰ ਮੈਂ ਤੁਹਾਡੇ ਦਰਸ਼ਨ ਕਰਦਾ ਹਾਂ, ਤੁਸੀਂ ਏਨਾਂ ਪਿਆਰ ਬਖਸ਼ਦੇ ਹੋ, ਇਸ ਚੀਜ਼ ਵਿਚ ਹੀ ਮੇਰੀ ਸੰਤੁਸ਼ਟੀ ਹੈ, ਮੇਰੀ ਇਹ ਅਰਜ਼ ਪ੍ਰਵਾਨ ਕਰੋ।

ਸਤਿ ਸ੍ਰੀ ਅਕਾਲ।

ਉਪਰੰਤ ਬਲਵੰਤ ਸਿੰਘ ਨੇ ਮੰਚ ਤੋਂ ਕਵਿਜ਼ ਪ੍ਰੋਗਰਾਮ ਵਿਚ ਭਾਗ ਲੈਣ ਵਾਲਿਆਂ ਨੂੰ ਮੰਚ ਤੇ ਆਉਣ ਲਈ ਕਿਹਾ ਨਾਲ ਹੀ ਬੇਨਤੀ ਕੀਤੀ ਕਿ ਬੱਚੇ ਕਵਿਜ਼ ਪ੍ਰੋਗਰਾਮ ਵਿਚ ਕੀਰਤਨ ਜਾਂ ਭਾਸ਼ਣ ਲਈ ਪਹਿਲੀ ਵਾਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਵਿਚ ਪੇਸ਼ ਹੋ ਰਹੇ ਹਨ, ਮੇਰੇ ਤੋਂ ਵੀ ਤੇ ਬੱਚਿਆਂ ਤੋਂ ਵੀ ਭੁੱਲਾਂ ਹੋਣ ਤੇ ਖਿਮਾਂ ਕਰਨਾ। ਕਵਿਜ਼ ਤੋਂ

ਪਹਿਲਾਂ ਬੀਬੀ ਬਲਵੀਰ ਕੌਰ ਉੱਚੀ ਸੁਰ ਵਿਚ ਕਵਿਤਾ ਗਾ ਕੇ ਪੇਸ਼ ਕੀਤੀ-

ਮੁੱਕ ਗਈਆਂ ਜਿੰਦੇ ਘੜੀਆਂ ਉਡੀਕ ਦੀਆਂ
ਸੰਗਤੇ ਵਧਾਈਆਂ ਤੁਹਾਨੂੰ ਅੱਜ ਦੀ ਤਾਰੀਖ ਦੀਆਂ।
ਹਰ ਵੇਲੇ ਜਿਹਬਾ ਉੱਤੇ ਗੁਰੂ ਜੀ ਤੇਰਾ ਨਾਮ ਜੀ,
ਚਰਨਾਂ 'ਚ ਦਿਓ ਮੈਨੂੰ ਕਮਲੀ ਨੂੰ ਥਾਂ ਜੀ॥

ਕਵਿਜ਼ (ਸਵਾਲ ਜੁਵਾਬ) ਪ੍ਰੋਗਰਾਮ ਦਾ ਸੰਚਾਲਨ ਬਲਵੰਤ ਸਿੰਘ ਨੇ ਕੀਤਾ। ਪਹਿਲੀ ਟੀਮ ਵਿਚ- 1 ਕਾਕਾ ਨਿਹਾਲ ਸਿੰਘ, 2 ਕਾਕਾ ਅਰਸ਼ਦੀਪ ਸਿੰਘ, 3 ਗੁਰਦੇਵ ਕੌਰ, 4 ਸੰਤ ਸਿੰਘ। ਦੂਸਰੀ ਟੀਮ- 1 ਗਿਆਨ ਸਿੰਘ, 2 ਜਸਵੰਤ ਸਿੰਘ, 3 ਧਿਆਨ ਕੌਰ, 4 ਉੱਤਮ ਸਿੰਘ। ਦੋਵੇਂ ਟੀਮਾਂ ਮੰਚ ਤੇ ਸਤਿਗੁਰੂ ਜੀ ਦੇ ਸਨਮੁੱਖ ਬੈਠੇ, ਬਲਵੰਤ ਸਿੰਘ ਅੰਗਰੇਜ਼ੀ ਅਤੇ ਪੰਜਾਬੀ ਵਿਚ ਸਵਾਲ ਕਰਦੇ ਅਤੇ ਬੱਚੇ ਆਮ ਤੌਰ ਤੇ ਪੰਜਾਬੀ 'ਚ ਹੀ ਜਵਾਬ ਦੇਂਦੇ ਰਹੇ। ਪਰ ਕੁਝ ਨੇ ਜਵਾਬ ਅੰਗਰੇਜ਼ੀ ਵਿੱਚ ਦਿੱਤੇ। ਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੰਬਧਿਤ ਕੁਲ 23 ਸਵਾਲ ਕੀਤੇ ਗਏ। ਬੱਚਿਆਂ ਨੇ ਵਧੀਆ ਤਿਆਰੀ ਕੀਤੀ ਸੀ। ਇਸੇ ਟੀਮ ਚੋਂ ਇਕ ਬੱਚੇ ਨੇ ਜਪੁਜੀ ਸਾਹਿਬ ਦੀਆਂ ਪਹਿਲੀਆਂ ਤਿੰਨ ਪਉੜੀਆਂ ਦਾ ਜੁਬਾਨੀ ਪਾਠ ਕੀਤਾ। ਸ੍ਰੀ ਸਤਿਗੁਰੂ ਜੀ ਬੱਚਿਆਂ ਨੂੰ ਖੁਸ਼ੀਆਂ ਬਖਸ਼ੀਆਂ। ਅੱਜ ਦੌਰੇ ਦੇ ਪਹਿਲੇ ਦਿਨ ਦਾ ਸਵੇਰ ਦਾ ਪਰੋਗਰਾਮ ਸਮਾਪਨ ਹੋਇਆ- ਇਥੇ ਹਾਲ ਵਿਚ ਹੀ ਲੰਗਰ ਵਰਤਿਆ।

ਸ੍ਰੀ ਸਤਿਗੁਰੂ ਜੀ ਦੇ ਐਲ. ਏ. ਦੇ ਦੌਰੇ ਦਾ ਲਾਈਵ ਟੈਲੀਕਾਸਟ ਕਰਨ ਲਈ ਨਿਊਯਾਰਕ ਤੋਂ ਉਚੇਚੇ ਸੁਦਰਸ਼ਨ ਸਿੰਘ ਤੇ ਪਰਮਿੰਦਰ ਸਿੰਘ ਆਏ, ਨਾਲ ਰਜਵੰਤ ਸਿੰਘ ਸਪੁਤਰ ਸੰਤ ਤ੍ਰਿਲੋਕ ਸਿੰਘ ਸਨ। ਫਲਾਈਟ ਲੇਟ ਹੋਣ ਕਰਕੇ ਰਾਤ ਇੱਕ ਵਜੇ ਘਰ ਪੁੱਜੇ ਅਤੇ ਇਸ਼ਨਾਨ ਕਰਕੇ ਆਸਾ ਦੀ ਵਾਰ ਵਾਲੀ ਜਗ੍ਹਾ ਲਾਈਵ ਟੈਲੀਕਾਸਟ ਲਈ ਪੁੱਜ ਗਏ। ਇਥੋਂ ਦੀ ਵੀਡੀਓ ਰਿਕਾਰਡਿੰਗ ਅਤੇ ਫੋਟੋਜ਼ ਫੇਸਬੁੱਕ ਆਈ.ਡੀ. ਨਾਮਧਾਰੀ ਸਿੱਖ ਸੰਗਤ ਅਮਰੀਕਾ ਤੇ ਵੇਖੀਆਂ, ਸੁਣੀਆਂ ਜਾ ਸਕਦੀਆਂ ਹਨ। ਸੁਖਦੇਵ ਸਿੰਘ ਨਿਊਯਾਰਕ ਤੋਂ ਪੂਰੀ ਇਤਿਹਾਸਿਕ ਪ੍ਰਦਰਸ਼ਨੀ ਲੈ ਕੇ ਆਏ, ਜੋ ਹਾਲ ਦੀਆਂ ਸੱਜੇ-ਖੱਬੇ ਦੀਵਾਰਾਂ ਤੇ ਪ੍ਰਦਰਸ਼ਿਤ ਕੀਤੀਆਂ ਗਈਆਂ। ਆਸਾ ਦੀ ਵਾਰ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪ੍ਰਦਰਸ਼ਨੀ ਵੇਖਣ ਦੀ ਕਿਰਪਾ ਕੀਤੀ।

ਉਪਰੰਤ ਸ੍ਰੀ ਸਤਿਗੁਰੂ ਜੀ, ਆਪਣੇ ਮਹਿਲਾਂ, ਰਾਗੀ ਸਿੰਘਾਂ ਅਤੇ 25-30 ਸਿੱਖਾਂ ਸੇਵਕਾਂ ਸਾਹਿਤ ਹਾਈਕਿੰਗ (ਉੱਚ-ਨੀਵੇਂ ਟਰੈਕ ਤੇ ਸੈਰ) ਤੇ ਕਿਰਪਾ ਕੀਤੀ, ਕਰੀਬ ਚਾਰ ਕੁ ਕਿਲੋਮੀਟਰ, ਤੇਜ ਸੈਰ, ਸਭ ਪਸੀਨੋ ਪਸੀਨੀ, ਨਾਲ ਚਲਦਿਆਂ ਹਾਸ-ਬਿਲਾਸ ਵੀ ਜਾਰੀ ਰਿਹਾ। ਉਪਰੰਤ ਸ਼ੁਬੇਗ ਸਿੰਘ ਜੀ ਦੇ ਜੁਵਾਈ ਨਵਦੀਪ ਸਿੰਘ ਦੇ ਘਰ ਕਿਰਪਾ ਕੀਤੀ, ਅੱਜ ਸਵੇਰੇ ਦਾ ਲੰਗਰ ਇਸ ਘਰ ਹੈ। ਨਵਦੀਪ ਸਿੰਘ ਨਵਾਂ ਹੀ ਨਾਮਧਾਰੀ ਹੈ, ਲੰਮਾ ਖੁਲ੍ਹਾ ਦਾੜ੍ਹਾ ਦਰਸ਼ਨੀ ਜੁਆਨ ਅਤੇ ਸ਼ਰਧਾਲੂ ਸਿੱਖ ਹੈ।

**ਬਾਬਾਣੀਆ ਕਹਾਣੀਆਂ:-**

ਇਸ ਸਿੰਘ ਦੇ ਘਰ ਲੰਗਰ ਛੱਕਣ ਤੋਂ ਪਹਿਲਾਂ ਰਾਗੀ ਬਲਵੰਤ ਸਿੰਘ, ਇੰਗਲੈਂਡ ਵਾਲੇ ਕਿਰਪਾਲ ਅਤੇ ਗੁਰਦਿੱਤ ਆਦਿ, ਸੁਖਦੇਵ ਸਿੰਘ, ਹਰਪਾਲ ਸਿੰਘ ਨਾਲ ਸ੍ਰੀ ਸਤਿਗੁਰੂ ਜੀ ਕਾਫੀ ਸਮਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨ ਬਿਲਾਸ ਕਰਦੇ ਸੁਣਦੇ ਰਹੇ। ਸਾਰੇ ਬਚਨ ਲਿਖੀਏ ਤਾਂ ਬਹੁਤ ਵਿਸਥਾਰ ਹੋ ਜਾਵੇਗਾ। ਇੱਕ ਦੋ ਬਚਨ ਹੀ ਪਾਠਕਾਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈਂਦਾ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੈਰ ਕਰਨ ਦਾ, ਤੈਰਨ ਦਾ, ਕਸਰਤ ਕਰਨ ਦਾ ਬਹੁਤ ਸ਼ੌਕ ਸੀ। (ਭੈਣੀ ਸਾਹਿਬ ਨੇੜੇ) ਸਰਹਿੰਦ ਨਹਿਰ ਤੇ ਅਤੇ ਬੰਗਸੈਨ ਸਮੁੰਦਰ ਵਿਚ ਗ਼ਰੀਬ ਨਿਵਾਜ਼ ਬਹੁਤ ਤੈਰਿਆ ਕਰਦੇ ਸਨ। ਜੇ ਕਿਤੇ ਜਾਣ ਦੀ ਅਰਦਾਸ ਕਰ ਲੈਣੀ, ਜੇ ਗੱਡੀਆਂ ਤਿਆਰ ਨਹੀਂ ਤਾਂ ਰੁੱਕਦੇ ਨਹੀਂ ਸਨ ਅਰਦਾਸ ਕਰਕੇ ਪੈਦਲ ਹੀ ਚਲ ਪੈਣਾ, ਗੱਡੀਆਂ ਮਗਰੋਂ ਜਾ ਰਲਨੀਆਂ। ਜੇ ਕਿਤੇ ਰਸਤੇ ਵਿੱਚ ਜਲ ਵਰਤਨ ਲਈ ਗੱਡੀਆਂ ਰੋਕਣੀਆਂ ਤੇ ਸ੍ਰੀ ਸਤਿਗੁਰੂ ਜੀ ਨੇ ਪੈਦਲ ਹੀ ਚੱਲ ਪੈਣਾ। ਕਸਰਤ ਦਾ ਵੀ ਬਹੁਤ ਸ਼ੌਂਕ ਸੀ, ਡੰਡ ਅਤੇ ਬੈਠਕਾਂ ਮਾਰਨੀਆਂ, ਸਾਈਕਲਿੰਗ ਅਤੇ ਯੁਵਾ ਅਵਸਥਾ ਵਿਚ ਘੁੱਲਣਾ ਅਤੇ ਫੁੱਟਬਾਲ ਖੇਡਣ ਦਾ ਵੀ ਆਪ ਜੀ ਨੂੰ ਬਹੁਤ ਸ਼ੌਂਕ ਸੀ।

ਸ੍ਰੀ ਸਤਿਗੁਰੂ ਜੀ ਨੇ ਸੰਤ ਦਰਸ਼ਨ ਸਿੰਘ ਜੀ ਅਤੇ ਸੰਤ ਖਜ਼ਾਨ ਸਿੰਘ ਜੀ (ਹਜ਼ੂਰੀ ਰਾਗੀ) ਨੂੰ ਯਾਦ ਕਰਦਿਆਂ ਬਚਨ ਕੀਤਾ, ਸੰਤ ਖਜ਼ਾਨ ਸਿੰਘ ਜੀ ਦਾ ਸੁਭਾਅ ਬਹੁਤ ਮਖੌਲੀ ਸੀ ਪਰ ਸੰਤ ਦਰਸ਼ਨ ਸਿੰਘ ਜੀ ਬੜੇ ਗਹਿਰ ਗੰਭੀਰ ਸਾਧੂ ਸੁਭਾਅ ਦੇ ਸਨ। ਉਹਨਾਂ ਨੂੰ ਬਾਣੀ ਬਹੁਤ ਕੰਠ ਸੀ। ਸੁਰੀਲੇ ਵੀ ਬਹੁਤ ਸਨ। ਉਹਨਾਂ ਦੇ ਭਜਨ ਬਾਣੀ ਦਾ ਅਸਰ ਸੀ ਕਿ ਉਹਨਾਂ ਦੇ ਕੀਰਤਨ ਸਮੇਂ ਦੀਵਾਨ ਵਿਚ ਕਿੰਨੇ ਕਿੰਨੇ ਹੀ ਸਿੱਖ ਮਸਤਾਨੇ ਹੋਇਆ ਕਰਦੇ ਸਨ। ਰਾਗੀ ਬਲਵੰਤ ਸਿੰਘ ਨੇ ਅਰਜ਼ ਕੀਤੀ ਕਿ ਪਿਤਾ ਜੀ (ਸੰਤ ਹਰਬੰਸ ਸਿੰਘ ਘੁੱਲਾ- ਆਪ ਦੀ ਬੇਟੀ ਹਰਮੀਤ ਬਲਵੰਤ ਸਿੰਘ ਦੀ ਪਤਨੀ ਹੈ) ਦੱਸਦੇ ਹਨ ਕਈ ਵੇਰ ਸੰਤ ਦਰਸ਼ਨ ਸਿੰਘ ਹੁਰਾਂ ਜਦੋਂ ਘਰ ਹੋਣਾ, ਸਾਰੇ ਸੁੱਤੇ ਹੋਣੇ ਤਾਂ ਸੰਤਾਂ ਨੇ ਇਸ਼ਨਾਨ ਕਰਕੇ ਮੰਜੇ ਤੇ ਹੀ ਹਰਮੋਨਿਅਮ ਫੜਕੇ ਬੜੇ ਹੀ ਪ੍ਰੇਮ ਨਾਲ ਇੱਕਲਿਆਂ ਨੇ ਹੀ ਆਸਾ ਦੀ ਵਾਰ ਦਾ ਕੀਰਤਨ ਕਰਨਾ, ਪੂਰੇ ਰੰਗ ਵਿੱਚ, ਸਿਰਫ਼ ਅਨੰਦ ਲੈਣ ਵਾਸਤੇ ਕੀਰਤਨ ਕਰਦੇ ਸਨ ਸੰਤ ਜੀ।

ਲੰਗਰ ਛਕ ਕੇ ਗਰੀਬ ਨਿਵਾਜ਼ ਜੀ ਡੇਰੇ ਸ. ਸ਼ੁਬੇਗ ਸਿੰਘ ਦੇ ਘਰ ਆਏ। ਸਿੱਖਾਂ ਦੀਆਂ ਅਰਜ਼ਾਂ ਬੇਨਤੀਆਂ ਸੁਣੀਆਂ। ਇੱਕ ਨੌਜੁਆਨ ਕਾਕਾ ਮਾਨ ਸਿੰਘ ਸ/ ਮਿਲਖਾ ਸਿੰਘ ਭੋਲਾ (ਲੁਧਿਆਣਾ) ਦੀ ਆਪਣੀ ਪਤਨੀ ਅਣਬਣ ਹੈ ਸ੍ਰੀ ਸਤਿਗੁਰੂ ਜੀ ਨੇ ਦੋਹਾਂ ਨੂੰ ਗੁੱਸੇ ਗਿਲੇ ਭੁਲਾ ਕੇ ਇਕੱਠਿਆ ਹੋਣ ਲਈ ਸਮਝਾਇਆ।

**(ਚੱਲਦਾ).........**

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਹਿਸਾਰ ਵਿਖੇ ਮੇਲਾ:

ਬਹੁਤ ਚਿਰ ਤੋਂ ਦਰਸ਼ਨਾਂ ਦੀ ਪਿਆਸੀ ਹਿਸਾਰ ਦੀ ਸਾਧ ਸੰਗਤ ਦੀ ਅਰਜ਼ ਪ੍ਰਵਾਨ ਕਰਕੇ 8 ਜੂਨ 2018 ਨੂੰ ਮੇਲੇ ਦੀ ਪ੍ਰਵਾਨਗੀ ਦੇ ਦਿੱਤੀ। ਮੇਲੇ ਦੀ ਤਰੀਕ ਪਤਾ ਲੱਗਣ 'ਤੇ ਹਿਸਾਰ ਦੀ ਸਾਰੀ ਸੰਗਤ ਦਾ ਮਨ ਖੁਸ਼ੀਆਂ ਨਾਲ ਗਦਗਦ ਹੋ ਗਿਆ, ਤੇ ਹਿਸਾਰ ਦੇ ਨੌਜਵਾਨ ਲਗੇ ਗੁਰਦੁਆਰੇ ਦੀ ਸਾਫ-ਸਫਾਈ ਅਤੇ ਮੇਲੇ ਦੀ ਤਿਆਰੀ ਕਰਨ ਅਤੇ ਬੇਅੰਤ ਸਿੰਘ ਗੁਰਦੁਆਰੇ ਦੀ ਰਿਪੇਅਰ ਅਤੇ ਰੰਗ ਰੋਗਨ ਦੀ ਸੇਵਾ ਕਰਾਉਣ ਲੱਗੇ (ਕੀਤੀ)।

ਉਡੀਕਦਿਆਂ-ਉਡੀਕਦਿਆਂ 8 ਜੂਨ ਦਾ ਸੁਭਾਗਾ ਦਿਨ ਆ ਹੀ ਗਿਆ। ਸੰਗਤ ਖੁਸ਼ੀ ਵਿਚ ਸ਼ਬਦ ਪੜ੍ਹ ਰਹੀ ਸੀ, " ਮੇਰੀ ਇੱਛ ਪੁਨੀ ਜੀਓ ਹਮ ਘਰ ਸਾਜਨ ਆਏ" ਉਡੀਕਾਂ ਦੇ ਪਲ ਖ਼ਤਮ ਹੋਏ ਤੇ ਉਹ ਸੁਭਾਗੀ ਘੜੀ 4:15 ਮਿਨਟ ਤੇ ਸ੍ਰੀ ਸਤਿਗੁਰੂ ਜੀ ਪਨਿਹਾਰੀ ਤੋਂ ਆਪਣੇ ਸਿੱਖਾਂ ਸੇਵਕਾਂ ਸਮੇਤ ਹਿਸਾਰ ਗੁਰਦੁਆਰੇ ਆ ਪਧਾਰੇ ਅਤੇ ਆਸਾ ਦੀ ਵਾਰ ਦਾ ਕੀਰਤਨ, ਸ੍ਰੀ ਸਤਿਗੁਰੂ ਜੀ ਦਾ ਹਜ਼ੂਰੀ ਜਥਾ ਸੰਤ ਬਲਵੰਤ ਸਿੰਘ ਅਤੇ ਤਬਲੇ ਉੱਤੇ ਹਰਪ੍ਰੀਤ ਸਿੰਘ ਸੋਨੂੰ ਸ਼ਬਦ ਪੜ੍ਹ ਰਹੇ ਸਨ, "ਕਬੀਰ ਤੂ ਤੂ ਕਰਤਾ ਤੂ ਹੁਆ-----" ਅਤੇ ਸਤਿਗੁਰੂ ਜੀ ਆਪਣੇ ਆਸਣ ਤੇ ਸੁਭਾਇਮਾਨ ਹੋ ਗਏ।ਸਾਰੀ ਸੰਗਤ ਆਪਨੇ ਪ੍ਰੀਤਮ ਪਿਆਰੇ ਦੇ ਚਰਨ ਪਰਸਨ ਲੱਗੀ।

ਬਾਹਰਲੇ ਪਾਸੇ ਅਨੰਦ ਕਾਰਜ ਵਾਸਤੇ ਸਿਰਸੇ ਤੋਂ ਪ੍ਰਧਾਨ ਲਖਵੀਰ ਸਿੰਘ ਦਾ ਜੱਥਾ ਹਵਨ ਦੀਆਂ ਤਿਆਰੀਆਂ ਕਰਨ ਵਿਚ ਲੱਗਾ ਹੋਇਆ ਸੀ। ਇਸ ਗੁਰਦੁਆਰੇ ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਵੀ ਚਰਨ ਛੋਹ ਪ੍ਰਾਪਤ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਅਨੇਕਾਂ ਵਾਰ ਸਾਧ ਸੰਗਤ ਦੇ ਭਲੇ ਵਾਸਤੇ ਏਥੇ ਦਰਸ਼ਨ ਦੇਂਦੇ ਰਹੇ ਹਨ। ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੰਗਤ ਦਾ ਪਿਆਰ ਵੇਖ ਕੇ ਪਹਿਲੀ ਵਾਰ ਅਨੰਦ ਕਾਰਜ ਦੀ ਮਨਜ਼ੂਰੀ ਦਿੱਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਮਰਿਆਦਾ ਅਨੁਸਾਰ ਸੂਬਾ ਬਲਵਿੰਦਰ ਸਿੰਘ ਝੱਲ ਨੇ ਲੜਕੇ ਲੜਕੀ ਨੂੰ ਅੰਮ੍ਰਿਤ ਛਕਾ ਕੇ ਭਜਨ ਦੱਸ ਕੇ ਗੰਢ ਚਤਰਾਵਾ ਕਰਕੇ ਲਾਵਾਂ ਸ਼ੁਰੂ ਕਰਵਾ ਦਿੱਤੀਆਂ, ਇਹ ਅਨੰਦ ਕਾਰਜ ਗੁਰਦੇਵ ਸਿੰਘ ਦੇ ਸਪੁੱਤਰ ਕਾਕਾ ਗੰਗਾ ਸਿੰਘ ਦਾ ਸੰਤ ਬੇਅੰਤ ਸਿੰਘ ਹਿਸਾਰ ਦੀ ਸਪੁੱਤਰੀ ਬੀਬੀ ਕਮਲਜੀਤ ਕੌਰ ਨਾਲ ਹੋਇਆ । ਭੋਗ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਉਪਰੰਤ ਲੜਕੇ ਲੜਕੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸੇ। ਸ੍ਰੀ ਸਤਿਗੁਰੂ ਜੀ ਨੇ ਲੜਕੇ-ਲੜਕੀ ਨੂੰ ਗੁਰਬਾਣੀ ਪੜ੍ਹਨ ਅਤੇ ਨਾਮ ਜਪਣ ਦਾ ਉਪਦੇਸ਼ ਦਿੱਤਾ ਤੇ ਨਾਲ ਹੀ ਵਿਆਹ ਤੇ ਪਾਰਟੀ ਤੇ ਹੋਰ ਫ਼ਜ਼ੂਲ ਖਰਚ ਕਰਨ ਤੋਂ ਵਰਜਿਆ ਫਿਰ ਦਾਸ ਗੁਰਮੀਤ ਸਿੰਘ ਚਾਨਾ ਨੇ ਹਿਸਾਰ ਦੇ ਨੌਜੁਆਨਾਂ ਨੂੰ ਇਕੱਤਰ ਕਰਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਲਿਆਂਦਾ ਤੇ ਦਾਸ ਨੇ ਸਤਿਗੁਰੂ ਜੀ ਤੋਂ ਆਗਿਆ ਲੈ ਕੈ 8 ਜੁਲਾਈ ਨੂੰ ਸਿਰਸੇ ਵਿਖੇ ਹੋਣ ਵਾਲੇ ਗੁਰਮਤਿ ਸਿਖਲਾਈ ਸਮਾਗਮ ਬਾਰੇ ਅਤੇ ਸ਼ੁਧ ਗੁਰਬਾਣੀ ਕਰਨ ਵਾਸਤੇ ਅਰਜ਼ਾਂ ਕੀਤੀਆਂ। ਇਸ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਲੜਕੇ ਲੜਕੀ ਦੇ ਮਾਤਾ ਪਿਤਾ ਨੂੰ ਬੁਲਾ ਨਾਮ ਜਪਣ ਦਾ ਉਪਦੇਸ਼ ਦਿੱਤਾ ਤੇ ਬੇਅੰਤ ਖੁਸ਼ੀਆਂ ਦਿੱਤੀਆਂ। ਆਈ ਹੋਈ ਸਾਧ ਸੰਗਤ ਦਾ ਸੂਬਾ ਚਰਨਜੀਤ ਸਿੰਘ ਅਤੇ ਸੰਤ ਬੇਅੰਤ ਸਿੰਘ ਜੀ ਧੰਨਵਾਦ ਕੀਤਾ। ਅੰਤ ਵਿਚ ਸਾਧ ਸੰਗਤ ਦੇ ਭਲੇ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਆਪਣਾ ਕਲਿਆਣਕਾਰੀ ਉਪਦੇਸ਼ ਦਿੰਦਿਆਂ ਫੁਰਮਾਇਆਂ ਕਿ ਇਹ ਜੋ ਪਵਿੱਤਰ ਅਨੰਦ ਮਰਿਆਦਾ ਇਸ ਨਾਲ ਕੋਈ ਫਾਲਤੂ ਰਸਮਾਂ ਨਾ ਕਰਿਆ ਕਰੋ ਤੇ ਹੋਰ ਬਾਕੀ ਸੰਗਤ ਵਿਸ਼ੇਸ਼ ਕਰਕੇ ਨੌਜੁਆਨਾਂ ਨੂੰ ਨਾਮ ਜਪਨ ਦਾ ਤੇ ਗੁਰਬਾਣੀ ਪੜ੍ਹਨ ਦਾ ਉਪਦੇਸ਼ ਦਿੱਤਾ। ਸੰਗਤ ਦੀ ਅਰਜ਼ ਪਰਵਾਨ ਕਰਦਿਆਂ ਘਰਾਂ ਵਿਚ ਚਰਨ ਪਾਉਣ ਨੂੰ ਚਾਲੇ ਪਾਏ।ਸਭ ਤੋਂ ਪਹਿਲਾਂ ਸਵ: ਜਥੇਦਾਰ ਦਲੀਪ ਸਿੰਘ ਦੇ ਪੋਤਰੇ ਰਾਜੇ ਘਰ ਤੇ ਫੇਰ ਸਵ: ਆਤਮਾ ਸਿੰਘ ਜੀ ਸੋਧੀ ਦੇ ਲੜਕੇ ਗੁਰਬਖਸ਼ ਸਿੰਘ ਅਤੇ ਅਮਰਜੀਤ ਘਰ ਚਰਨ ਪਾਏ। ਫੇਰ ਸੂਬਾ ਚਰਨਜੀਤ ਸਿੰਘ ਜੀ ਘਰ ਜਲ ਪਾਣੀ ਛੱਕ ਕੇ ਸੂਬਾ ਜੀ ਦੇ ਵਡੇ ਭਰਾ ਅਮਰਜੀਤ ਘਰ ਚਰਨ ਪਾਕੇ ਸੈਕਟਰ 13 ਵਿਖੇ ਬੇਅੰਤ ਸਿੰਘ ਸਪੁੱਤਰ ਮੱਖਣ ਸਿੰਘ ਅਤੇ ਗੁਰਦੇਵ ਸਿੰਘ ਘਰ ਚਰਨ ਪਾ ਸਭ ਨੂੰ ਖੁਸ਼ੀਆਂ ਦੇਂਦੇ ਹੋਏ ਮਸਤਾਨ ਗੜ੍ਹ ਨੂੰ ਚਾਲੇ ਪਾ ਦਿੱਤੇ। ਇਸ ਮੇਲੇ ਦੀ ਸੇਵਾ ਬੇਅੰਤ ਸਿੰਘ ਸਪੁੱਤਰ ਮੱਖਣ ਸਿੰਘ ਦੇ ਪਰਿਵਾਰ ਵਲੋਂ ਕਰਵਾਈ ਗਈ।

**ਗੁਰਮੀਤ ਸਿੰਘ ਚਾਨਾ**
**ਸੇਵਾਦਾਰ- ਵਿ: ਨਾ: ਵਿ: ਜਥਾ ਰਜਿ:**

(ਨੋਟ) ਇਹ ਖ਼ਬਰ ਕਿਸੇ ਕਾਰਨ ਛਪਣੋ ਰਹਿ ਗਈ ਸੀ- ਫੋਟੋਜ਼ ਛਪ ਚੁੱਕੀਆਂ ਹਨ- ਲੇਟ ਖ਼ਬਰ ਛਾਪਣ ਲਈ ਖਿਮਾ ਯਾਚਨਾ- ਸੰਪਾਦਕ

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਲਾਸ ਐਂਜ਼ਲਸ (ਅਮਰੀਕਾ ) ਦੌਰਾ



ਸ੍ਰੀ ਸਤਿਗੁਰੂ ਜੀ ਤ੍ਰਿਲੋਚਨ ਸਿੰਘ ਦੇ ਲੜਕੇ ਨੂੰ ਦਸਤਾਰ ਸਜਾਉਂਦੇ ਹੋਏ ।



ਸ.ਗਿਆਨ ਸਿੰਘ ਬਿਲਗਾ Indo American Cultural Org. ਵੱਲੋਂ ਨਾਮਧਾਰੀ ਸ਼ਹੀਦਾਂ ਬਾਰੇ ਭਾਸ਼ਣ ਦਿੰਦੇ ਹੋਏ।



ਸ.ਕਸ਼ਮੀਰ ਸਿੰਘ Indo American Cultural Org. ਵੱਲੋਂ ਨਾਮਧਾਰੀ ਸ਼ਹੀਦਾਂ ਬਾਰੇ ਭਾਸ਼ਣ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਉਪਦੇਸ਼ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਸਿੱਖਾਂ, ਸੇਵਕਾਂ ਨਾਲ ਬਚਨ ਬਿਲਾਸ ਕਰਦੇ ਹੋਏ।



ਬਲਦੇਵ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਰਾਗੀ ਜਸਵੰਤ ਸਿੰਘ (ਹੈੱਡ ਗ੍ਰੰਥੀ) ਨਾਲ ਬਚਨ ਕਰਦੇ ਹੋਏ।

Date of Publication: 5-09-2018,
Date of Posting: 6-7 Sep. 2018

RNI NO. 55658/93 Delhi Postal Regd. No. DL(W) 01/2055/18-20

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਮਨਾਏ ਜਾ ਰਹੇ ਮੇਲਿਆਂ ਦੀ ਤਾਰੀਕਾਂ ਇਸ ਤਰ੍ਹਾਂ ਹਨ:



ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਮੇਲਾ ਸ੍ਰੀ ਭੈਣੀ ਸਾਹਿਬ ੨੯ ਭਾਦਰੋਂ ਸ਼ੁੱਕਰਵਾਰ (14 ਸਤੰਬਰ) ਨੂੰ ਮਨਾਇਆ ਜਾ ਰਿਹਾ ਹੈ।



ਅੰਮ੍ਰਿਤਸਰ ਦੇ ਸ਼ਹੀਦਾਂ ਦਾ ਮੇਲਾ ੩0 ਭਾਦਰੋਂ ਸ਼ਨੀਵਾਰ (15 ਸਤੰਬਰ) ਨੂੰ ਨਾਮਧਾਰੀ ਸ਼ਹੀਦੀ ਸਮਾਰਕ (ਰਾਮ ਬਾਗ, ਅੰਮ੍ਰਿਤਸਰ) ਮਨਾਇਆ ਜਾ ਰਿਹਾ ਹੈ।

## ਅੱਸੂ ਦਾ ਮੇਲਾ, ਸ੍ਰੀ ਭੈਣੀ ਸਾਹਿਬ ੨0੭੫ ਬ੍ਰਿ. ( 2018 ਈ.)

## ੧ ਅੱਸੂ ਤੋਂ ੧ ਕੱਤਕ (17 ਸਤੰਬਰ ਤੋਂ 17 ਅਕਤੂਬਰ)

## ਨਾਮ ਸਿਮਰਨ ਜਪ ਪ੍ਰਯੋਗ

## ੧ ਤੋਂ 28 ਅੱਸੂ (17 ਸਤੰਬਰ ਤੋਂ 14 ਅਕਤੂਬਰ)

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.